26-JAN-PAGE-ADD FRONT.qxd 1/25/2023 10:30 PM Page 1

ਵੀਰਵਾਰ, 26 ਜਨਵਰੀ, 2023
13 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 237

ਨਵਾਂ ਜ਼ਮਾਨਾ

DAILY NAWAN ZAMANA • THURSDAY, 26 JANUARY, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ :14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

nawan zamana TV

Punjab Land of Unlimited Opportunities

500

ਆਮ ਆਦਮੀ ਕਲੀਨਿਕ ਦਾ ਉਦਘਾਟਨ

ਮੁੱਖ ਮਹਿਮਾਨ

ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ

27 ਜਨਵਰੀ 2023
ਅੰਮ੍ਰਿਤਸਰ, ਪੰਜਾਬ

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

ਭਗਵੰਤ ਮਾਨ (ਮੁੱਖ ਮੰਤਰੀ ਪੰਜਾਬ)

26-JAN-PAGE-2.qxd 1/25/2023 10:33 PM Page 1

ਰੂਰਲ ਡਿਸਪੈਂਸਰੀਆਂ ਬੰਦ ਹੋਣ ਕਾਰਨ ਪਿੰਡਾਂ 'ਚ ਰੋਸ

ਮਲੋਟ, (ਗੁਰਮੀਤ ਸਿੰਘ ਮੱਕੜ):-ਪੰਜਾਬ ਸਰਕਾਰ ਵਲੋਂ ਪੰਜਾਬ ਵਿੱਚ ਬਦਲਾਅ ਦੀ ਸਰਕਾਰ ਲਿਆਉਣ ਦੇ ਵਾਅਦਿਆਂ ਨੂੰ ਪੂਰਾ ਕਰਦਿਆਂ ਪੰਜਾਬ ਭਰ ਵਿਚ ਮੁਹੱਲਾ ਕਲੀਨਿਕ ਖੋਲ੍ਹੇ ਜਾਣ ਦੀ ਕੜੀ ਤਹਿਤ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ 42 ਦੇ ਲਗਭਗ ਰੂਰਲ ਡਿਸਪੈਂਸਰੀਆਂ ਬੰਦ ਕਰਦਿਆਂ 16 ਆਮ ਆਦਮੀ ਮੁਹੱਲਾ ਕਲੀਨਿਕ ਖੋਲ੍ਹੇ ਜਾ ਰਹੇ ਹਨ, ਜਿਸ ਨਾਲ ਰੂਰਲ ਡਿਸਪੈਂਰੀਆਂ ਬੰਦ ਹੋਣ ਨਾਲ ਆਮ ਗਰੀਬ ਲੋੜਵੰਦ ਪੇਂਡੂ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਥਰਾਜਵਾਲਾ ਵਿਖੇ ਰੂਰਲ ਡਿਸਪੈਂਸਰੀ ਵਿਚ ਕੰਮ ਕਰਦੇ ਡਾਕਟਰ ਨੂੰ ਮੁਹੱਲਾ ਕਲੀਨਿਕ ਵਿਚ ਤਬਦੀਲ ਕਰਨ 'ਤੇ ਰੋਸ ਵਜੋਂ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰਜ ਕੇ ਭੜਾਸ ਕੱਢੀ। ਇਸ ਮੌਕੇ ਵੱਡੀ ਗਿਣਤੀ ਹਾਜ਼ਰ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਵੇਂ ਲਏ ਗਏ ਫੈਸਲੇ ਤੋਂ ਉਹ ਨਾਖੁਸ਼ ਹਨ।ਪੰਜਾਬ ਸਰਕਾਰ ਵਲੋਂ ਆਮ ਪੇਂਡੂ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਦਾ ਵਾਅਦਾ ਪੂਰਾ ਕਰਨਾ ਸੀ ਤਾਂ ਪਿੰਡਾਂ ਵਿਚ ਪਹਿਲਾਂ ਤੋਂ ਹੀ ਸਿਹਤ ਡਿਪੈਂਸਰੀਆਂ ਅਤੇ ਸਬ-ਸੈਂਟਰਾਂ ਦੀਆਂ ਆਲੀਸ਼ਾਨ ਬਣੀਆਂ ਇਮਾਰਤਾਂ ਵਿੱਚ ਸਟਾਫ਼ ਦੀ ਵੱਡੀ ਘਾਟ ਰੜਕ ਰਹੀ ਸੀ, ਇਸ ਲਈ ਡਿਸਪੈਂਸਰੀਆਂ ਅਤੇ ਸਬ-ਸੈਂਟਰਾਂ ਵਿੱਚ ਸਟਾਫ਼ ਪੂਰਾ ਕਰਦਿਆਂ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਵਧੀਆ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਸਨ, ਪ੍ਰੰਤੂ ਸਿਰਫ਼ ਨਾਂਅ ਬਦਲਣ ਨਾਲ ਸਿਹਤ ਸੇਵਾਵਾ ਨੂੰ ਵਧੀਆਂ ਅਤੇ ਸਸਤਾ ਨਹੀ ਕਿਹਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਜੋ ਆਮ ਆਦਮੀ ਮੁਹੱਲਾ ਕਲੀਨਿਕ ਖੋਲ੍ਹੇ ਜਾ ਰਹੇ ਹਨ ਉਹ ਹੁਣ ਆਮ ਲੋੜਵੰਦ ਅਤੇ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਦੇ ਪਿੰਡਾਂ ਵਿਚ ਖੋਲ੍ਹੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਬੰਦ ਹੋਣ ਵਾਲੀਆਂ ਪੇਂਡੂ ਡਿਸਪੈਂਸਰੀਆਂ ਦੀਆਂ ਇਮਾਰਤਾਂ 'ਤੇ ਸਰਕਾਰ ਦੇ ਖਜ਼ਾਨੇ ਵਿਚੋਂ ਖ਼ਰਚੇ ਲੱਖਾਂ ਰੁਪਏ ਮਿੱਟੀ ਵਿਚ ਮਿਲ ਜਾਣਗੇ ਜੋ ਖੰਡਰ ਬਣ ਜਾਣਗੀਆਂ।ਪਿੰਡ ਵਾਸੀਆਂ ਨੇ ਮੰਗ ਕੀਤੀ ਹੈ ਕਿ ਪੇਂਡੂ ਡਿਸਪੈਂਸਰੀਆਂ ਵਿਚ ਸਟਾਫ਼ ਪੂਰਾ ਕਰਦਿਆ ਇਨ੍ਹਾਂ ਨੂੰ ਬੰਦ ਨਾ ਕੀਤਾ ਜਾਵੇ। ਇਸ ਸਬੰਧੀ ਡਿਸਪੈਂਸਰੀ ਦੇ ਡਾਕਟਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲ੍ਹੇ ਭਰ ਵਿਚ ਰੂਰਲ ਡਿਸਪੈਂਸਰੀਆਂ ਨੂੰ ਬੰਦ ਕੀਤਾ ਗਿਆ ਹੈ, ਜਿਸ ਦਾ ਸਟਾਫ਼ ਆਮ ਆਦਮੀ ਮੁਹੱਲਾ ਕਲੀਨਿਕ ਅਤੇ ਹੋਰ ਥਾਵਾਂ 'ਤੇ ਤਬਦੀਲ ਕੀਤਾ ਗਿਆ ਹੈ।

ਸਮਾਰਟ ਸਕੂਲ ਫੀਲਖਾਨਾ ਸਕੂਲ ਆਫ਼ ਐਮੀਨੈਂਸ ਘੋਸ਼ਿਤ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਤੇ ਸੁਚੱਜੀ ਅਗਵਾਈ ਵਿੱਚ ਪੰਜਾਬ ਦੇ ਲੋਕਾਂ ਨੂੰ ਵਧੀਆ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆਂ ਕਰਾਉਣ ਦੇ ਇਰਾਦੇ ਨਾਲ ਸ਼ੁਰੂ ਕੀਤੇ ਯਤਨਾਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫੀਲਖਾਨਾ ਪਟਿਆਲਾ ਨੂੰ ਸਕੂਲ ਆਫ ਐਮੀਨੈਂਸ ਘੋਸ਼ਿਤ ਕੀਤਾ ਗਿਆ ਹੈ।

ਇਸ ਦੌਰਾਨ ਪਟਿਆਲਾ ਸ਼ਹਿਰੀ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਹੈ ਕਿ ਆਮ ਆਦਮੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ, ਜਿਸ ਕਾਰਨ ਇਸ ਸਰਕਾਰ ਵਿੱਚ ਲੋਕਾਂ ਦੇ ਮੁੱਖ ਮੁੱਦੇ ਸਿੱਖਿਆ ਅਤੇ ਸਿਹਤ ਖੇਤਰ ਨੂੰ ਪਹਿਲਤਾ ਦੇ ਆਧਾਰ ਤੇ ਸੁਧਾਰਣ ਦੀ ਕੋਸ਼ਿਸ਼ਾਂ ਜਾਰੀ ਹਨ ਤੇ ਇਸੇ ਲੜੀ ਵਿੱਚ ਸਕੂਲ ਆਫ ਐਮੀਨੈਂਸ ਤੇ ਮੁਹੱਲਾ ਕਲੀਨਿਕ ਖੋਲ੍ਹੇ ਜਾ ਰਹੇ ਹਨ। ਸਕੂਲ ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਸਟੇਟ ਐਵਾਰਡੀ ਨੇ ਸਮੂਹ ਸਟਾਫ਼ ਵੱਲੋਂ ਆਏ ਮੁੱਖ ਮਹਿਮਾਨਾਂ ਦਾ ਸੁਆਗਤ ਕੀਤਾ ਤੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀ ਸ਼ਾਲਾਘਾ ਕੀਤੀ ਅਤੇ ਵਿਸ਼ੇਸ਼ ਤੌਰ 'ਤੇ ਐਮ. ਐਲ. ਏ. ਪਟਿਆਲਾ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਰਵਿੰਦਰਪਾਲ ਸਿੰਘ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਅਕਸ਼ੈ ਕੁਮਾਰ ਨੇ ਬਾਖੂਬੀ ਨਿਭਾਈ। ਇਸ ਮੌਕੇ ਰਾਕੇਸ਼ ਗੁਪਤਾ ਪ੍ਰਧਾਨ ਵਪਾਰ ਵਿੰਗ, ਕੇ.ਕੇ. ਸਹਿਗਲ ਮੈਂਬਰ ਕਾਲੀ ਮਾਤਾ ਮੰਦਰ ਕਮੇਟੀ, ਸਿਮਰਨਪ੍ਰੀਤ ਸਿੰਘ, ਨਰੇਸ਼ ਕਾਕਾ, ਹਰਸ਼ਪਾਲ ਸਿੰਘ, ਸਨੀ ਡਾਬੀ, ਜਗਤਾਰ ਸਿੰਘ ਤਾਰੀ ਤੇ ਸਮੂਹ ਸਟਾਫ ਮੈਂਬਰਾਨ ਮੌਜੂਦ ਸਨ। ਇਸ ਮੌਕੇ ਵਾਇਸ ਪ੍ਰਿੰਸੀਪਲ ਮੈਡਮ ਕਰਮਜੀਤ ਕੌਰ ਨੇ ਸਭ ਦਾ ਧੰਨਵਾਦ ਕੀਤਾ।

ਹੋਮਗਾਰਡ ਦੇ ਜਵਾਨ ਤੋਂ ਖੋਹਿਆ ਗਿਆ ਸੀ 9 ਐੱਮ ਐੱਮ ਦਾ ਪਿਸਤੌਲ

ਬਠਿੰਡਾ, (ਬਖਤੌਰ ਢਿੱਲੋਂ)-ਮਾਨਸਾ ਪੁਲਸ ਵੱਲੋਂ ਕੀਤੇ ਇਸ ਦਾਅਵੇ ਕਿ ਉਸ ਨੇ ਇੱਕ ਅਜਿਹੇ ਸਮੂਹ ਨੂੰ ਅਸਲਾ ਐਕਟ ਅਧੀਨ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ, ਜਿਸ ਨੇ ਬਠਿੰਡਾ ਤੋਂ ਕਿਸੇ ਪੁਲਸ ਕਰਮਚਾਰੀ ਤੋਂ ਉੱਚ ਤਕਨੀਕ ਵਾਲਾ 9 ਐੱਮ ਐੱਮ ਦਾ ਪਿਸਤੌਲ ਖੋਹਿਆ ਸੀ। ਜੇ ਪ੍ਰਾਪਤ ਤੱਥਾਂ ਦੇ ਅਧਾਰ 'ਤੇ ਨਿਰਖ-ਪਰਖ ਕੀਤੀ ਜਾਵੇ ਤਾਂ ਤਸਵੀਰ ਕੁਝ ਹੋਰ ਹੀ ਬਿਆਨ ਕਰਦੀ ਹੈ। ਮਾਮਲਾ ਕੁਝ ਇਸ ਤਰ੍ਹਾਂ ਹੈ ਕਿ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮਾਨਸਾ ਪੁਲਸ ਦੇ ਇੱਕ ਕਪਤਾਨ ਨੇ ਬੁੱਧਵਾਰ ਨੂੰ ਇਹ ਦਾਅਵਾ ਕੀਤਾ ਸੀ ਕਿ ਸਰਦੂਲਗੜ੍ਹ ਥਾਣੇ ਦੀ ਪੁਲਸ ਵੱਲੋਂ ਲਾਏ ਨਾਕੇ 'ਤੇ ਜਦ ਐੱਚ ਆਰ 51 ਬੀ ਸੀ 9273 ਸਵਿੱਫਟ ਮਾਅਰਕੇ ਦੀ ਗੱਡੀ ਨੂੰ ਸ਼ੱਕ ਦੇ ਅਧਾਰ 'ਤੇ ਚੈੱਕ ਕੀਤਾ ਤਾਂ ਉਸ 'ਚ ਸਵਾਰ ਸਤਨਾਮ ਸਿੰਘ ਤੋਂ 9 ਐੱਮ ਐੱਮ ਦਾ ਗਿਲੌਕ ਪਿਸਟਲ ਅਤੇ ਪੰਜ ਕਾਰਤੂਸ ਬਰਾਮਦ ਹੋਏ, ਜਦਕਿ ਉਸ ਦੇ ਸਾਥੀ ਹਰਵਿੰਦਰ ਸਿੰਘ ਉਰਫ ਹੈਪੀ ਤੋਂ ਇਸੇ ਹੀ ਮਾਅਰਕੇ ਵਾਲੇ ਚਾਰ ਹੋਰ ਕਾਰਤੂਸ ਬਰਾਮਦ ਹੋ ਗਏ।

ਇਸ ਸਬੰਧ 'ਚ ਪੁਲਸ ਨੇ ਅਸਲਾ ਐਕਟ ਅਧੀਨ ਦਰਜ ਕੀਤੇ ਮੁਕੱਦਮੇ ਤਹਿਤ ਉਕਤ ਦੋਵਾਂ ਤੋਂ ਇਲਾਵਾ ਗੱਡੀ 'ਚ ਸਵਾਰ ਦੋ ਔਰਤਾਂ ਸਮੇਤ ਕੁੱਲ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦੇ ਦਾਅਵੇ ਅਨੁਸਾਰ ਮੁੱਢਲੀ ਪੁੱਛਗਿੱਛ ਦੌਰਾਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਉਕਤ ਪਿਸਤੌਲ ਬਠਿੰਡਾ ਦੇ ਇੱਕ ਪੁਲਸ ਕਰਮਚਾਰੀ ਤੋਂ ਖੋਹਿਆ ਹੈ, ਪ੍ਰੰਤੂ ਗ੍ਰਿਫ਼ਤਾਰ ਵਿਅਕਤੀਆਂ 'ਚੋਂ ਦੋ ਜਣਿਆਂ ਤੋਂ ਜਦ ਮੀਡੀਆ ਪ੍ਰਤੀਨਿਧਾਂ ਨੇ ਸਵਾਲ ਪੁੱਛੇ ਤਾਂ ਉਨ੍ਹਾਂ ਦੱਸਿਆ ਕਿ ਅਸਲ 'ਚ ਉਹ ਫਰੀਦਕੋਟ ਤੋਂ ਵਾਪਸ ਆਪਣੇ ਘਰ ਆ ਰਹੇ ਸਨ, ਜਦ ਬਠਿੰਡਾ ਪੁੱਜੇ ਤਾਂ ਉਨ੍ਹਾਂ ਦੀ ਕਾਰ 'ਚ ਇਕ ਹੋਰ ਗੱਡੀ ਆਣ ਟਕਰਾਈ। ਇਸ ਮੌਕੇ ਦੋਹਾਂ ਧਿਰਾਂ ਦਰਮਿਆਨ ਹੋਈ ਕਹਾ-ਸੁਣੀ ਦੌਰਾਨ ਦੂਜੀ ਧਿਰ ਦੇ ਇਕ ਵਿਅਕਤੀ ਨੇ ਉਨ੍ਹਾਂ ਵੱਲ ਪਿਸਤੌਲ ਤਾਣ ਲਿਆ, ਪਰ ਫੁਰਤੀ ਦਿਖਾਉਂਦਿਆਂ ਉਕਤ ਹਥਿਆਰ ਉਨ੍ਹਾਂ ਆਪਣੇ ਕਬਜ਼ੇ 'ਚ ਲੈ ਕੇ ਇਸ ਸਬੰਧੀ 112 ਨੰਬਰ 'ਤੇ ਫੋਨ ਕਾਲ ਕਰਕੇ ਸੂਚਿਤ ਵੀ ਕਰ ਦਿੱਤਾ ਸੀ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ 9 ਐੱਮ ਐੱਮ ਬੋਰ ਦਾ ਗਲੌਕ ਪਿਸਟਲ ਸਿਰਫ ਤੇ ਸਿਰਫ ਐੱਸ ਪੀ ਰੈਂਕ ਦੇ ਕਿਸੇ ਅਧਿਕਾਰੀ ਨੂੰ ਹੀ ਅਲਾਟ ਕੀਤਾ ਜਾਂਦਾ ਹੈ। ਪੁਲਸ ਕਰਮਚਾਰੀਆਂ ਕੋਲ ਜੋ ਇਸ ਮਾਅਰਕੇ ਦੇ ਪਿਸਤੌਲ ਸਨ, ਉਹ ਕਾਫੀ ਸਮਾਂ ਪਹਿਲਾਂ ਵਾਪਸ ਕਰਵਾ ਲਏ ਗਏ ਸਨ। ਪਤਾ ਲੱਗਿਆ ਹੈ ਕਿ ਉਕਤ ਪਿਸਤੌਲ ਕਿਸੇ ਸਬ-ਇੰਸਪੈਕਟਰ ਨੂੰ ਅਲਾਟ ਹੋਇਆ ਸੀ, ਜਦਕਿ ਜਿਸ ਵੇਲੇ ਉਹ ਖੋਹਿਆ ਗਿਆ, ਉਦੋਂ ਉਹ ਹੋਮਗਾਰਡ ਦੇ ਇੱਕ ਜਵਾਨ ਦੇ ਕਬਜ਼ੇ 'ਚ ਸੀ।

ਇਸ ਸੰਬੰਧੀ ਜਦ ਇੱਕ ਸੇਵਾ-ਮੁਕਤ ਪੁਲਸ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਦੱਸਿਆ ਕਿ ਕਾਨੂੰਨ ਮੁਤਾਬਕ ਜਿਸ ਵਿਅਕਤੀ ਦੇ ਕਬਜ਼ੇ 'ਚ ਇਹ ਪਸਤੌਲ ਸੀ, ਉਸ ਤੋਂ ਇਲਾਵਾ ਉਸ ਅਧਿਕਾਰੀ ਵਿਰੁੱਧ ਵੀ ਅਸਲਾ ਐਕਟ ਅਧੀਨ ਮੁਕੱਦਮਾ ਦਰਜ ਹੋਣਾ ਚਾਹੀਦਾ ਸੀ, ਜਿਸ ਨੇ ਆਪਣਾ ਹਥਿਆਰ ਕਿਸੇ ਅਣਅਧਿਕਾਰਤ ਸ਼ਖਸ ਦੇ ਸਪੁਰਦ ਕੀਤਾ। ਇਸ ਘਟਨਾਕ੍ਰਮ ਦਾ ਫਿਕਰਮੰਦ ਪੱਖ ਇਹ ਵੀ ਹੈ ਕਿ ਕਿਸੇ ਪੁਲਸ ਕਰਮਚਾਰੀ ਕੋਲੋਂ ਉਕਤ ਹਥਿਆਰ ਠੀਕ ਉਸ ਵੇਲੇ ਖੋਹਿਆ ਗਿਆ, ਜਦ ਉਸ ਤੋਂ ਸਿਰਫ ਦੋ ਦਿਨ ਬਾਅਦ ਬਠਿੰਡਾ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੇ ਗਣਤੰਤਰ ਦਿਵਸ ਮੌਕੇ ਝੰਡਾ ਲਹਿਰਾਉਣ ਦਾ ਪ੍ਰੋਗਰਾਮ ਮਿਥਿਆ ਹੋਇਆ ਹੋਵੇ। ਜ਼ਿਕਰਯੋਗ ਹੈ ਕਿ ਸਿਖਸ ਫਾਰ ਜਸਟਿਸ ਨਾਲ ਸੰਬੰਧਤ ਗੁਰਪਤਵੰਤ ਸਿੰਘ ਪੰਨੂੰ ਨੇ ਮੁੱਖ ਮੰਤਰੀ 'ਤੇ ਝੰਡਾ ਲਹਿਰਾਉਣ ਸਮੇਂ ਖਤਰਨਾਕ ਹਮਲੇ ਦੀ ਧਮਕੀ ਦਿੱਤੀ ਹੈ।

ਰਾਸ਼ਟਰੀ ਵੋਟਰ ਦਿਵਸ ਮਨਾਇਆ

ਭੀਖੀ, (ਧਰਮਵੀਰ ਸ਼ਰਮਾ) ਡਾ. ਜਗਜੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਕਾਲਜ ਮਾਡਰਨ ਕਾਲਜ ਆਫ ਐਜ਼ੂਕੇਸ਼ਨ ਵਿਖੇ 'ਰਾਸ਼ਟਰੀ ਵੋਟਰ ਦਿਵਸ' ਮਨਾਇਆ ਗਿਆ। ਇਸ ਦੀ ਅਗਵਾਈ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਕੀਤੀ। ਇਸ ਤੋਂ ਬਾਅਦ ਪ੍ਰੋ. ਅਮਨਦੀਪ ਕੌਰ ਨੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਹੁੰ ਚੁਕਾਈ ਤੇ ਨਵੇ ਵੋਟਰਾਂ ਨੇ ਕਿਵੇਂ ਆਪਣੇ-ਆਪ ਨੂੰ ਰਜਿਸਟਰ ਕਰਨਾ ਹੈ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਇਸ ਦਿਨ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ 'ਰਾਸ਼ਟਰੀ ਵੋਟਰ ਦਿਵਸ' 25 ਜਨਵਰੀ 2011 ਤੋਂ ਭਾਰਤ ਵਿੱਚ ਮਨਾਇਆ ਜਾ ਰਿਹਾ ਹੈ, ਜਿਸ ਦਾ ਉਦੇਸ਼ ਭਾਰਤੀ ਨਾਗਰਿਕਾਂ ਨੂੰ ਲੋਕਤੰਤਰਿਕ, ਰਾਜਨੀਤਿਕ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਹੈ। ਇਹ ਸੰਵਿਧਾਨ ਦੁਆਰਾ ਦਿੱਤੀ ਸ਼ਕਤੀ ਹੈ, ਜਿਸ ਦਾ ਪ੍ਰਯੋਗ ਸਾਨੂੰ ਜ਼ਰੂਰ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਵਿਦਿਆਰਥਣਾਂ ਦੇ ਚੋਣ ਅਯੋਗ ਵੋਟ ਅਧਿਕਾਰ ਨਾਲ ਸੰਬੰਧਿਤ ਭਾਸ਼ਣ ਮੁਕਾਬਲੇ ਕਰਾਏ ਗਏ ਤੇ ਨਾਲ ਹੀ ਪੋਸਟਰ ਮੁਕਾਬਲਾ ਵੀ ਆਯੋਜਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਅੰਤ ਵਿੱਚ ਮੁਕਾਬਲੇ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਹੌਸਲਾ ਵਧਾਇਆ ਗਿਆ। ਇਸ ਮੌਕੇ ਪ੍ਰੋ. ਅਮਨਦੀਪ ਕੌਰ, ਕਾਂਤਾ ਰਾਣੀ, ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਜਗਜੀਤ ਸਿੰਘ ਆਦਿ ਸ਼ਾਮਿਲ ਹਨ।

ਸਰਕਾਰ ਨੰਬਰਦਾਰਾਂ ਦੀਆਂ ਸਾਰੀਆਂ ਮੰਗਾਂ ਮੰਨੇ : ਗੁਰਦੇਵ ਆਲਮਪੁਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਨੰਬਰਦਾਰ ਯੂਨੀਅਨ ਰਜਿ:643 ਦੇ ਕਮੇਟੀ ਪੰਜਾਬ ਦੇ ਮੈਂਬਰ, ਜ਼ਿਲ੍ਹਾ ਪਟਿਆਲਾ ਦੇ ਕਾਰਜਕਾਰੀ ਪ੍ਰਧਾਨ ਅਤੇ ਤਹਿਸੀਲ ਸਮਾਣਾ ਦੇ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ ਨੇ ਕਿਹਾ ਕਿ 'ਆਪ' ਸਰਕਾਰ ਚੋਣਾਂ ਸਮੇਂ ਨੰਬਰਦਾਰਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਸਮੇਂ ਆਪ ਸਰਕਾਰ ਨੇ ਨੰਬਰਦਾਰਾਂ ਦੀਆਂ ਸਾਰੀਆਂ ਮੰਗਾਂ ਮੰਨਣ ਦਾ ਵਾਅਦਾ ਕੀਤਾ ਸੀ, ਪਰ 10 ਮਹੀਨੇ ਦਾ ਸਮਾਂ ਲੰਘ ਜਾਣ ਤੋਂ ਬਾਅਦ ਵੀ ਸਰਕਾਰ ਨੇ ਨੰਬਰਦਾਰਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਾਰਨ ਨੰਬਰਦਾਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਪਣੀਆਂ ਚਿਰਾਂ ਤੋਂ ਲਟਦੀਆਂ ਆ ਰਹੀਆਂ ਇਨ੍ਹਾਂ ਮੰਗਾਂ ਨੰਬਰਦਾਰਾਂ ਦੀ ਨੰਬਰਦਾਰੀ ਨੂੰ ਜੱਦੀ ਪੁਸ਼ਤੀ ਕਰਨ, ਮਾਣ ਭੱਤਾ ਦੁੱਗਣਾ ਕਰਨਾ, ਸਿਹਤ ਬੀਮਾ, ਮੁਫ਼ਤ ਬੱਸ ਸਫ਼ਰ ਤੇ ਟੋਲ-ਪਲਾਜ਼ਾ ਮੁਫ਼ਤ ਕਰਨਾ ਆਦਿ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੱਕ ਮੰਗ ਪੱਤਰ ਵੀ ਪਹੁੰਚ ਚੁੱਕੇ ਹਨ, ਪਰ ਮੁੱਖ ਮੰਤਰੀ ਮਾਨ ਵੱਲੋਂ ਹਾਲੇ ਤੱਕ ਕੋਈ ਵੀ ਸੁਣਵਾਈ ਨਹੀਂ ਕੀਤੀ ਗਈ, ਜਿਸ ਦੇ ਚੱਲਦਿਆਂ ਨੰਬਰਦਾਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਹੁਣ ਨੰਬਰਦਾਰ ਯੂਨੀਅਨ ਪੰਜਾਬ ਵੱਲੋਂ ਜਲਦ ਅਗਲੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਗਣਤੰਤਰ ਦਿਵਸ ਤੇ ਬਸੰਤ ਪੰਚਮੀ ਦੇ ਮੌਕੇ ਕਰਾਇਆ ਗਿਆ ਰੰਗਾਰੰਗ ਪ੍ਰੋਗਰਾਮ

ਸਮਰਾਲਾ, (ਸੁਰਜੀਤ ਸਿੰਘ) ਨਨਕਾਣਾ ਸਾਹਿਬ ਪਬਲਿਕ ਸਕੂਲ ਵਿਖੇ ਗਣਤੰਤਰ ਦਿਵਸ ਅਤੇ ਬਸੰਤ ਪੰਚਮੀ ਨੂੰ ਮੁੱਖ ਰੱਖਦੇ ਹੋਏ ਰੰਗਾਰੰਗ ਪ੍ਰੋਗਰਾਮ ਕਰਾਇਆ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਤੇ ਛੋਟੇ ਬੱਚਿਆਂ ਦੇ ਫੈਂਸੀ ਡ੍ਰੈਸ ਮੁਕਾਬਲੇ ਨਾਲ ਹੋਈ। ਛੋਟੇ-ਛੋਟੇ ਬੱਚੇ ਦੇਸ਼ ਭਗਤੀ ਦੇ ਰੰਗ ਵਿੱਚ ਰੰਗੇ ਕੱਪੜੇ ਪਾਏ ਬਹੁਤ ਖਿੜ ਰਹੇ ਸਨ। ਇਸ ਤੋਂ ਇਲਾਵਾ ਸਕੂਲ ਦੇ ਬੱਚਿਆਂ ਨੇ ਗਣਤੰਤਰ ਦਿਵਸ ਅ

26-JAN-PAGE-1.qxd 1/25/2023 10:28 PM Page 1

ਵੀਰਵਾਰ, 26 ਜਨਵਰੀ, 2023
13 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 237

ਨਵਾਂ ਜ਼ਮਾਨਾ

DAILY NAWAN ZAMANA • THURSDAY, 26 JANUARY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ :14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਬੀ ਬੀ ਸੀ ਦਸਤਾਵੇਜ਼ੀ ਵਿਵਾਦ ਜਾਮੀਆ ਮਿਲੀਆ ਇਸਲਾਮੀਆ 'ਵਰਸਿਟੀ ਪੁੱਜਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਆਧਾਰਤ ਬੀ ਬੀ ਸੀ ਦੀ ਵਿਵਾਦਤ ਡਾਕੂਮੈਂਟਰੀ ਦਾ ਵਿਵਾਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਸ਼ੁਰੂ ਹੋ ਕੇ ਹੁਣ ਦਿੱਲੀ ਦੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਪਹੁੰਚ ਗਿਆ ਹੈ। ਜਾਮੀਆ ਯੂਨੀਵਰਸਿਟੀ 'ਚ ਬੁੱਧਵਾਰ ਦੀ ਸ਼ਾਮ 6 ਵਜੇ ਕਥਿਤ ਤੌਰ 'ਤੇ ਬੀ ਬੀ ਸੀ ਦੀ ਵਿਵਾਦਤ ਡਾਕੂਮੈਂਟਰੀ ਦੀ ਸਕਰੀਨਿੰਗ ਰੱਖੀ ਗਈ ਸੀ। ਇਸ ਤੋਂ ਬਾਅਦ ਕਾਰਵਾਈ ਕਰਦੇ ਹੋਏ ਦਿੱਲੀ ਪੁਲਸ ਨੇ ਬੀ ਬੀ ਸੀ ਦੀ ਡਾਕੂਮੈਂਟਰੀ ਦੀ ਸਕਰੀਨਿੰਗ ਨੂੰ ਲੈ ਕੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਬਾਹਰ ਹੰਗਾਮਾ ਕਰਨ ਵਾਲੇ ਚਾਰ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ।

ਜ਼ਿਕਰਯੋਗ ਹੈ ਕਿ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਨੇ ਬੁੱਧਵਾਰ ਐਲਾਨ ਕੀਤਾ ਸੀ ਕਿ ਸ਼ਾਮ 6 ਵਜੇ ਜਾਮੀਆ ਯੂਨੀਵਰਸਿਟੀ ਕੈਂਪਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਵਾਦਿਤ ਡਾਕੂਮੈਂਟਰੀ ਦੀ ਸਕਰੀਨਿੰਗ ਹੋਵੇਗੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਡਾਕੂਮੈਂਟਰੀ ਦੀ ਸਕਰੀਨਿੰਗ ਲਈ ਕੋਈ ਇਜਾਜ਼ਤ ਨਹੀਂ ਮੰਗੀ ਗਈ ਤੇ ਅਸੀਂ ਇਸ ਦੀ ਇਜਾਜ਼ਤ ਨਹੀਂ ਦੇਵਾਂਗੇ। ਐੱਸ ਐੱਫ ਆਈ ਦੀ ਜਾਮੀਆ ਯੂਨਿਟ ਨੇ ਇਕ ਪੋਸਟਰ ਜਾਰੀ ਕੀਤਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਡਾਕੂਮੈਂਟਰੀ ਸ਼ਾਮ 6 ਵਜੇ ਐੱਮ ਸੀ ਆਰ ਸੀ ਲਾਅਨ ਗੇਟ ਨੰਬਰ 8 ਵਿੱਚ ਦਿਖਾਈ ਜਾਵੇਗੀ।

ਇਸ ਤੋਂ ਪਹਿਲਾਂ ਕੱਲ੍ਹ ਫਿਲਮ ਦੀ ਸਕਰੀਨਿੰਗ ਲਈ ਜੇ ਐੱਨ ਯੂ ਵਿਦਿਆਰਥੀ ਸੰਘ ਦੇ ਦਫਤਰ ਵਿੱਚ ਇਕੱਠੇ ਹੋਏ ਕਈ ਵਿਦਿਆਰਥੀਆਂ ਨੇ ਦਾਅਵਾ ਕੀਤਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਫਿਲਮ ਦੇਖਣ ਤੋਂ ਰੋਕਣ ਲਈ ਬਿਜਲੀ ਅਤੇ ਇੰਟਰਨੈੱਟ ਕੱਟ ਦਿੱਤਾ ਅਤੇ ਉਨ੍ਹਾਂ 'ਤੇ ਪਥਰਾਅ ਕੀਤਾ ਗਿਆ। ਇਸ ਮਗਰੋਂ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਹ ਆਪਣੇ ਮੋਬਾਇਲਾਂ 'ਤੇ ਦਸਤਾਵੇਜ਼ੀ ਫਿਲਮ ਦੇਖ ਰਹੇ ਸਨ ਤਾਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ। ਕੁਝ ਨੇ ਦੋਸ਼ ਲਾਇਆ ਕਿ ਹਮਲਾਵਰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸਦ (ਏ ਬੀ ਵੀ ਪੀ) ਦੇ ਮੈਂਬਰ ਸਨ।

ਗੁਜਰਾਤ ਫਿਰਕੂ ਦੰਗਿਆਂ ਦੇ 22 ਮੁਲਜ਼ਮ ਬਰੀ

ਗਾਂਧੀਨਗਰ-ਗੁਜਰਾਤ ਦੇ ਪੰਚਮਹਿਲ ਜ਼ਿਲ੍ਹੇ ਦੇ ਹਲੋਲ ਕਸਬੇ ਦੀ ਅਦਾਲਤ ਨੇ 2002 ਦੇ ਗੋਧਰਾ ਤੋਂ ਬਾਅਦ ਹੋਏ ਫਿਰਕੂ ਦੰਗਿਆਂ ਦੇ ਮਾਮਲੇ ਵਿੱਚ ਦੋ ਬੱਚਿਆਂ ਸਮੇਤ ਘੱਟ ਗਿਣਤੀ ਭਾਈਚਾਰੇ ਦੇ 17 ਮੈਂਬਰਾਂ ਦੀ ਹੱਤਿਆ ਦੇ 22 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਇਸਤਗਾਸਾ ਪੱਖ ਅਨੁਸਾਰ ਹੱਤਿਆਵਾਂ 28 ਫਰਵਰੀ 2002 ਨੂੰ ਕੀਤੀਆਂ ਗਈਆਂ ਸਨ ਅਤੇ ਸਬੂਤ ਨਸ਼ਟ ਕਰਨ ਦੇ ਇਰਾਦੇ ਨਾਲ ਲਾਸ਼ਾਂ ਨੂੰ ਸਾੜ ਦਿੱਤਾ ਗਿਆ ਸੀ। ਬਚਾਅ ਪੱਖ ਦੇ ਵਕੀਲ ਗੋਪਾਲ ਸਿੰਘ ਸੋਲੰਕੀ ਨੇ ਦੱਸਿਆ ਕਿ ਵਧੀਕ ਸੈਸ਼ਨ ਜੱਜ ਹਰਸ਼ ਤ੍ਰਿਵੇਦੀ ਦੀ ਅਦਾਲਤ ਨੇ ਮੰਗਲਵਾਰ ਨੂੰ ਸਾਰੇ 22 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ, ਜਿਨ੍ਹਾਂ ਵਿੱਚੋਂ ਅੱਠ ਦੀ ਮੌਤ ਕੇਸ ਦੀ ਸੁਣਵਾਈ ਦੌਰਾਨ ਹੋ ਗਈ ਸੀ। ਸੋਲੰਕੀ ਨੇ ਕਿਹਾ, 'ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਜ਼ਿਲ੍ਹੇ ਦੇ ਡੇਲੋਲ ਪਿੰਡ 'ਚ ਦੋ ਬੱਚਿਆਂ ਸਮੇਤ ਘੱਟ ਗਿਣਤੀ ਭਾਈਚਾਰੇ ਦੇ 17 ਮੈਂਬਰਾਂ ਦੇ ਕਤਲ ਦੇ ਮਾਮਲੇ 'ਚ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ।

ਇਮਰਾਨ ਦਾ ਕਰੀਬੀ ਫਵਾਦ ਚੌਧਰੀ ਗ੍ਰਿਫ਼ਤਾਰ

ਇਸਲਾਮਾਬਾਦ-ਪਾਕਿਸਤਾਨੀ ਅਧਿਕਾਰੀਆਂ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਪਾਰਟੀ ਦੇ ਸੀਨੀਅਰ ਆਗੂ ਫਵਾਦ ਚੌਧਰੀ ਨੂੰ ਬੁੱਧਵਾਰ ਗ੍ਰਿਫਤਾਰ ਕਰ ਲਿਆ। ਕੁਝ ਘੰਟੇ ਪਹਿਲਾਂ ਚੌਧਰੀ ਨੇ ਪਾਰਟੀ ਪ੍ਰਧਾਨ ਇਮਰਾਨ ਖਾਨ ਨੂੰ ਗ੍ਰਿਫਤਾਰ ਕਰਨ ਦੀ ਸਰਕਾਰ ਦੀ ਕਥਿਤ ਸਾਜ਼ਿਸ਼ ਦੀ ਜਨਤਕ ਤੌਰ 'ਤੇ ਨਿੰਦਾ ਕੀਤੀ ਸੀ। ਪਾਕਿਸਤਾਨ ਦੇ ਚੋਣ ਕਮਿਸ਼ਨ ਦੇ ਸਕੱਤਰ ਦੀ ਸ਼ਿਕਾਇਤ 'ਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਕਰੀਬੀ ਫਵਾਦ 'ਤੇ ਕੋਹਸਰ ਪੁਲਸ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਬਾਅਦ 'ਚ ਉਨ੍ਹਾ ਨੂੰ ਲਾਹੌਰ ਸਥਿਤ ਰਿਹਾਇਸ਼ ਤੋਂ ਹਿਰਾਸਤ 'ਚ ਲੈ ਲਿਆ ਗਿਆ।

ਸਾਲਾਨਾ ਪ੍ਰੀਖਿਆਵਾਂ ਦੀਆਂ ਤਰੀਕਾਂ ਦਾ ਐਲਾਨ

ਮੁਹਾਲੀ, (ਗੁਰਜੀਤ ਬਿੱਲਾ)-ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਸ ਸਾਲ ਲਈ ਜਾਣ ਵਾਲੀ ਪੰਜਵੀਂ,ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਸੰਬੰਧੀ ਸ਼ਡਿਊਲ ਜਾਰੀ ਕਰ ਦਿੱਤਾ ਹੈ। ਪੰਜਵੀਂ ਦੀ ਪ੍ਰੀਖਿਆ 27 ਫਰਵਰੀ ਤੋਂ 6 ਮਾਰਚ ਤੱਕ ਅਤੇ ਅੱਠਵੀਂ ਜਮਾਤ ਦੀ ਪ੍ਰੀਖਿਆ 25 ਫਰਵਰੀ ਤੋਂ 21 ਮਾਰਚ ਤੱਕ ਕਰਵਾਈ ਜਾਵੇਗੀ।

ਇਹ ਦੋਵੇਂ ਪ੍ਰੀਖਿਆਵਾਂ ਸਵੇਰ ਦੇ ਸੈਸ਼ਨ ਵਿੱਚ ਸਵੇਰੇ 10 ਵਜੇ ਸ਼ੁਰੂ ਹੋਣਗੀਆਂ।

ਬਾਰ੍ਹਵੀਂ ਦੀ ਪ੍ਰੀਖਿਆ 20 ਫਰਵਰੀ ਤੋਂ 20 ਅਪ੍ਰੈਲ ਅਤੇ ਦਸਵੀਂ ਦੀ ਪ੍ਰੀਖਿਆ 24 ਮਾਰਚ ਤੋਂ 20 ਅਪ੍ਰੈਲ ਤੱਕ ਲਈ ਜਾਵੇਗੀ। ਪ੍ਰੀਖਿਆਵਾਂ ਨਾਲ ਸੰਬੰਧਤ ਵੇਰਵੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ 'ਤੇ ਉਪਲੱਬਧ ਕਰਵਾ ਦਿੱਤੇ ਗਏ ਹਨ।

ਲਖੀਮਪੁਰ ਖੀਰੀ ਹਿੰਸਾ ਮਾਮਲਾ : ਆਸ਼ੀਸ਼ ਮਿਸ਼ਰਾ ਨੂੰ ਅੰਤਰਮ ਜ਼ਮਾਨਤ

ਨਵੀਂ ਦਿੱਲੀ. ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਬੇਟੇ ਆਸ਼ੀਸ਼ ਮਿਸ਼ਰਾ ਨੂੰ ਬੁੱਧਵਾਰ ਵੱਡੀ ਰਾਹਤ ਮਿਲੀ ਹੈ। ਲਖੀਮਪੁਰ ਹਿੰਸਾ ਮਾਮਲੇ 'ਚ ਸੁਪਰੀਮ ਕੋਰਟ ਨੇ ਆਸ਼ੀਸ਼ ਨੂੰ ਸ਼ਰਤਾਂ ਦੇ ਨਾਲ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੂਰਿਆਕਾਂਤ ਮਿਸ਼ਰਾ ਅਤੇ ਜਸਟਿਸ ਜੇ ਕੇ ਮਹੇਸ਼ਵਰੀ ਦੇ ਬੈਂਚ ਨੇ ਉਸ ਦੀ ਜ਼ਮਾਨਤ 'ਤੇ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ ਆਸ਼ੀਸ਼ ਨੂੰ ਸ਼ਰਤਾਂ ਦੇ ਨਾਲ 8 ਹਫਤਿਆਂ ਲਈ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਮਿਸ਼ਰਾ ਨੂੰ ਆਪਣੇ ਟਿਕਾਣੇ ਬਾਰੇ ਅਦਾਲਤ ਨੂੰ ਜਾਣਕਾਰੀ ਦੇਣੀ ਹੋਵੇਗੀ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਆਸ਼ੀਸ਼ ਜਾਂ ਉਨ੍ਹਾਂ ਦੇ ਪਰਵਾਰ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਅਤੇ ਮੁਕੱਦਮੇ ਦੀ ਸੁਣਵਾਈ ਵਿੱਚ ਦੇਰੀ ਕਰਨ ਦੀ ਕੋਸ਼ਿਸ਼ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਸਕਦੀ ਹੈ। ਸੁਪਰੀਮ ਕੋਰਟ ਨੇ ਇਸ ਸ਼ਰਤ 'ਤੇ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ ਕਿ ਉਹ ਦਿੱਲੀ ਅਤੇ ਉੱਤਰ ਪ੍ਰਦੇਸ਼ 'ਚ ਨਹੀਂ ਰਹੇਗਾ। ਜ਼ਮਾਨਤ 'ਤੇ ਰਿਹਾਅ ਹੋਣ ਤੋਂ ਇਕ ਹਫਤੇ ਬਾਅਦ ਉਹ ਉੱਤਰ ਪ੍ਰਦੇਸ਼ ਛੱਡ ਜਾਵੇਗਾ।

ਮੁਹਾਲੀ ਪੁਲਸ ਹੈੱਡਕੁਆਰਟਰ ਗ੍ਰਨੇਡ ਹਮਲਾ-ਨਿਸ਼ਾਨੇਬਾਜ਼ ਕਾਬੂ

ਨਵੀਂ ਦਿੱਲੀ-ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਮਈ 2022 ਵਿੱਚ ਮੁਹਾਲੀ ਵਿੱਚ ਪੰਜਾਬ ਪੁਲਸ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਰਾਕੇਟ-ਪ੍ਰੋਪੇਲਡ ਗ੍ਰਨੇਡ ਹਮਲੇ ਦੇ ਮੁੱਖ ਨਿਸ਼ਾਨੇਬਾਜ਼ ਦੀਪਕ ਰੰਗਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਏਜੰਸੀ ਨੇ ਦੱਸਿਆ ਕਿ ਦੀਪਕ ਰੰਗਾ ਕੈਨੇਡਾ ਸਥਿਤ ਗੈਂਗਸਟਰ ਤੋਂ ਅਤੱਵਾਦੀ ਬਣੇ ਲਖਬੀਰ ਸਿੰਘ ਸੰਧੂ ਉਰਫ ਲੰਡਾ ਅਤੇ ਪਾਕਿਸਤਾਨ ਸਥਿਤ ਗੈਂਗਸਟਰ ਤੋਂ ਅੱਤਵਾਦੀ ਬਣੇ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ ਦਾ ਕਰੀਬੀ ਸਾਥੀ ਹੈ। ਰਾਕੇਟ-ਪ੍ਰੋਪੇਲਡ ਗ੍ਰਨੇਡ ਹਮਲੇ ਵਿਚ ਆਪਣੀ ਸ਼ਮੂਲੀਅਤ ਤੋਂ ਇਲਾਵਾ ਦੀਪਕ ਰੰਗਾ ਹਿੰਸਕ ਹੱਤਿਆਵਾਂ ਸਮੇਤ ਕਈ ਹੋਰ ਅੱਤਵਾਦੀ ਅਤੇ ਅਪਰਾਧਾਂ ਵਿਚ ਸ਼ਾਮਲ ਹੈ।

ਸਾਬਕਾ ਸਰਪੰਚ ਤੇ ਪੰਚਾਇਤ ਸਕੱਤਰ ਗ੍ਰਿਫ਼ਤਾਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੌਰਾਨ ਪੰਚਾਇਤੀ ਫੰਡਾਂ ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ ਪਿੰਡ ਵੈਰੋਵਾਲ ਬਾਵਿਆਂ, ਬਲਾਕ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਦੇ ਸਾਬਕਾ ਸਰਪੰਚ ਗੁਰਜੀਤ ਸਿੰਘ ਅਤੇ ਪੰਚਾਇਤ ਸਕੱਤਰ ਬਲਰਾਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਵੈਰੋਵਾਲ ਬਾਵਿਆਂ, ਜ਼ਿਲ੍ਹਾ ਤਰਨ ਤਾਰਨ ਨੂੰ ਸਾਲ 2013 ਅਤੇ 2017 ਦੌਰਾਨ ਪ੍ਰਾਪਤ ਹੋਏ ਵਿਕਾਸ ਫੰਡਾਂ ਵਿੱਚ ਹੋਏ ਗਬਨ ਸੰਬੰਧੀ ਜਾਂਚ ਕੀਤੀ ਗਈ, ਜਿਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਪਰੋਕਤ ਚੈੱਕ ਪੀਰੀਅਡ ਦੌਰਾਨ ਗ੍ਰਾਮ ਪੰਚਾਇਤ ਨੂੰ ਕੁੱਲ 47,47,373 ਰੁਪਏ ਦੇ ਸਰਕਾਰੀ ਫੰਡ ਪ੍ਰਾਪਤ ਹੋਏ, ਜਦਕਿ ਪਿੰਡ ਦੀ ਪੰਚਾਇਤੀ ਸ਼ਾਮਲਾਟ ਜ਼ਮੀਨ 'ਤੇ ਠੇਕੇ ਤੋਂ 24,75,000 ਰੁਪਏ ਪ੍ਰਾਪਤ ਹੋਏ ਸਨ। ਉਕਤ ਮੁਲਾਂਕਣ ਸਮੇਂ ਦੌਰਾਨ ਉਕਤ ਪੰਚਾਇਤ ਨੂੰ ਕੁੱਲ ਰਾਸ਼ੀ 72, 22, 373 ਰੁਪਏ ਪ੍ਰਾਪਤ ਹੋਈ, ਜਦਕਿ 63,62,522 ਰੁਪਏ ਖਰਚ ਕੀਤੇ। ਜਿਸ ਤੋਂ ਪਤਾ ਲੱਗਦਾ ਹੈ ਕਿ ਸਾਬਕਾ ਸਰਪੰਚ ਗੁਰਜੀਤ ਸਿੰਘ ਨੇ ਪੰਚਾਇਤ ਸਕੱਤਰ ਬਲਰਾਜ ਸਿੰਘ ਨਾਲ ਮਿਲੀਭੁਗਤ ਕਰਕੇ ਪੰਚਾਇਤੀ ਫੰਡਾਂ ਵਿੱਚ 8, 59, 851 ਲੱਖ ਰੁਪਏ ਦਾ ਗਬਨ ਕੀਤਾ ਹੈ। ਇਸ ਸੰਬੰਧ ਵਿਚ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ ਅਤੇ ਆਈ ਪੀ ਸੀ ਦੀ ਧਾਰਾ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਐਂਟਨੀ ਦੇ ਪੁੱਤਰ ਨੇ ਸਾਰੇ ਅਹੁਦੇ ਛੱਡੇ

ਤਿਰੂਵਨੰਤਪੁਰਮ-ਕਾਂਗਰਸ ਦੇ ਸੀਨੀਅਰ ਆਗੂ ਅਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਏ ਕੇ ਐਂਟਨੀ ਦੇ ਪੁੱਤਰ ਅਨਿਲ ਐਂਟਨੀ ਨੇ ਗੁਜਰਾਤ ਵਿੱਚ 2002 ਦੇ ਦੰਗਿਆਂ ਬਾਰੇ ਬੀ ਬੀ ਸੀ ਦੀ ਡਾਕੂਮੈਂਟਰੀ ਵਿਰੁੱਧ ਕੀਤੇ ਟਵੀਟ ਕਾਰਨ ਹੋ ਰਹੀ ਆਲੋਚਨਾ ਦੇ ਮੱਦੇਨਜ਼ਰ ਪਾਰਟੀ ਦੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਅਨਿਲ ਨੇ ਟਵੀਟ ਕਰਕੇ ਆਪਣੇ ਅਸਤੀਫੇ ਦਾ ਐਲਾਨ ਕੀਤਾ ਕਿ ਉਨ੍ਹਾ ਨੂੰ ਦਸਤਾਵੇਜ਼ੀ ਵਿਰੁੱਧ ਕੀਤੇ ਟਵੀਟ ਨੂੰ ਵਾਪਸ ਲੈਣ ਲਈ ਕਈ ਅਸਹਿਣਸ਼ੀਲ ਫੋਨ ਆ ਰਹੇ ਹਨ ਅਤੇ ਇਸੇ ਕਾਰਨ ਉਨ੍ਹਾ ਇਹ ਫੈਸਲਾ ਕੀਤਾ ਹੈ। ਉਨ੍ਹਾ ਆਪਣੇ ਟਵਿੱਟਰ ਅਕਾਊਂਟ 'ਤੇ ਆਪਣੇ ਅਸਤੀਫੇ ਦੇ ਹਿੱਸੇ ਨੂੰ ਪੋਸਟ ਕੀਤਾ ਹੈ।

901 ਮੁਲਾਜ਼ਮਾਂ ਨੂੰ ਦਿੱਤੇ ਜਾਣਗੇ ਪੁਲਸ ਮੈਡਲ

ਨਵੀਂ ਦਿੱਲੀ-ਗਣਤੰਤਰ ਦਿਵਸ ਮੌਕੇ ਕੁੱਲ 901 ਪੁਲਸ ਮੁਲਾਜ਼ਮਾਂ ਨੂੰ ਪੁਲਸ ਮੈਡਲਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਬਹਾਦਰੀ ਲਈ ਪੁਲਸ ਮੈਡਲ (ਪੀ ਐੱਮ ਜੀ) 140 ਜਵਾਨਾਂ ਨੂੰ, 93 ਨੂੰ ਵਿਸ਼ੇਸ਼ ਸੇਵਾ ਲਈ ਰਾਸ਼ਟਰਪਤੀ ਪੁਲਸ ਮੈਡਲ (ਪੀ ਪੀ ਐੱਮ) ਅਤੇ 668 ਨੂੰ ਸ਼ਾਨਦਾਰ ਸੇਵਾ ਲਈ ਪੁਲਸ ਮੈਡਲ (ਪੀ ਐੱਮ) ਨਾਲ ਸਨਮਾਨਿਤ ਕੀਤਾ ਜਾਵੇਗਾ। 140 ਬਹਾਦਰੀ ਪੁਰਸਕਾਰਾਂ ਵਿੱਚੋਂ ਜ਼ਿਆਦਾਤਰ 80 ਖੱਬੇ ਪੱਖੀ ਕੱਟੜਪੰਥ ਪ੍ਰਭਾਵਿਤ ਖੇਤਰਾਂ ਦੇ ਅਤੇ 45 ਜੰਮੂ-ਕਸ਼ਮੀਰ ਦੇ ਜਵਾਨਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਜਿਨ੍ਹਾਂ ਵਿੱਚ ਸੀ ਆਰ ਪੀ ਐੱਫ ਦੇ 48, ਮਹਾਰਾਸ਼ਟਰ ਦੇ 31, ਜੰਮੂ-ਕਸ਼ਮੀਰ ਪੁਲਸ ਦੇ 25, ਝਾਰਖੰਡ ਦੇ 9, ਦਿੱਲੀ, ਛੱਤੀਸਗੜ੍ਹ ਅਤੇ ਬੀ ਐੱਸ ਐੱਫ ਦੇ 7-7 ਅਤੇ ਬਾਕੀ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਸੀ ਏ ਪੀ ਐੱਫ ਦੇ ਜਵਾਨ ਸ਼ਾਮਲ ਹਨ।

ਮਾਨ ਸਰਕਾਰ ਖਾਸ ਆਦਮੀਆਂ ਦੀ ਸਰਕਾਰ : ਧਾਲੀਵਾਲ

ਪਟਿਆਲਾ—ਬਿਆਨ ਜਾਰੀ ਕਰਦਿਆਂ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ 6 ਜਥੇਬੰਦੀਆਂ ਦੀ ਐਕਸ਼ਨ ਕਮੇਟੀ ਵੱਲੋਂ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਕਿਹਾ ਕਿ ਹੁਣ ਤਾਂ ਸਪੱਸ਼ਟ ਹੀ ਹੋ ਗਿਆ ਹੈ ਕਿ ਪੰਜਾਬ ਵਿੱਚ ਰਾਜ ਕਰਦੀ ਆਮ ਆਦਮੀ ਪਾਰਟੀ ਦੇ ਨਾਂਅ ਥੱਲੇ ਮੌਜੂਦਾ ਮਾਨ ਸਰਕਾਰ ਖਾਸ ਆਦਮੀਆਂ ਦੀ ਸਰਕਾਰ ਬਣ ਕੇ ਕੰਮ ਕਰ ਰਹੀ ਹੈ। ਉਸ ਨੇ ਆਮ ਲੋਕਾਂ ਦੀਆਂ ਅਤੇ ਲੋੜਵੰਦ ਲੋਕਾਂ ਦੀਆਂ ਤਕਲੀਫਾਂ ਅਤੇ ਮੁਸ਼ਕਲਾ ਨੂੰ ਵਿਸਾਰ ਦਿੱਤਾ ਹੈ, ਜਿਸ ਦਾ ਸਿੱਟਾ ਹੈ ਕਿ ਅੱਜ ਪੰਜਾਬ ਦੇ ਸਮੁੱਚੇ

● ਬਾਕੀ ਸਫ਼ਾ 12 'ਤੇ

ਛੁੱਟੀ ਦਾ ਐਲਾਨ

ਸਮੂਹ ਪਾਠਕਾਂ ਨੂੰ ਗਣਤੰਤਰ ਦਿਵਸ ਦੇ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ। 26 ਜਨਵਰੀ ਨੂੰ ਗਣਤੰਤਰ ਦਿਵਸ ਦੀ ਛੁੱਟੀ ਹੋਣ ਕਾਰਨ 'ਨਵਾਂ ਜ਼ਮਾਨਾ' ਦੇ ਸਾਰੇ ਦਫਤਰ ਬੰਦ ਰਹਿਣਗੇ, ਜਿਸ ਕਰਕੇ 27 ਜਨਵਰੀ ਨੂੰ 'ਨਵਾਂ ਜ਼ਮਾਨਾ' ਮਾਰਕਿਟ ਵਿੱਚ ਨਹੀਂ ਆਵੇਗਾ।

-ਜਨਰਲ ਮੈਨ

26-Jan-PAGE-4.qxd 1/25/2023 11:04 PM Page 1

ਖ਼ਤਰੇ 'ਚ ਹੈ ਭਾਰਤੀ ਲੋਕਤੰਤਰ !

ਗੁਰਮੀਤ ਸਿੰਘ ਪਲਾਹੀ

ਭਾਰਤ ਦੇਸ਼ 'ਚ ਕੌਮੀ ਪੱਧਰ 'ਤੇ ਹੋਣ ਵਾਲੀ ਸਾਲ 2021 ਦੀ ਮਰਦਮਸ਼ੁਮਾਰੀ ਕੋਵਿਡ ਕਾਰਨ ਕੇਂਦਰ ਸਰਕਾਰ ਵੱਲੋਂ ਅੱਗੇ ਪਾ ਦਿੱਤੀ ਗਈ ਹੈ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਇਸ ਸਮੇਂ ਦੇਸ਼ ਵਿੱਚ 81.5 ਕਰੋੜ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਭਾਰਤ ਸਰਕਾਰ ਦੇ ਕੌਮੀ ਖਾਧ ਸੁਰੱਖਿਆ ਕਾਨੂੰਨ ਤਹਿਤ ਰਿਆਇਤ ਜਾਂ ਮੁਫਤ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਮੰਨਿਆ ਜਾਂਦਾ ਹੈ। ਜੇਕਰ ਸਾਲ 2021 ਦੇ ਮਰਦਮਸ਼ੁਮਾਰੀ ਅੰਕੜੇ ਸਾਹਮਣੇ ਆਉਂਦੇ ਤਾਂ ਸ਼ਾਇਦ 10 ਕਰੋੜ ਲੋਕ ਇਸ ਗਿਣਤੀ ਵਿੱਚ ਹੋਰ ਸ਼ਾਮਲ ਹੋ ਜਾਂਦੇ।

26 ਜਨਵਰੀ 2023 ਭਾਵ ਦੇਸ਼ ਦੇ ਅਗਲੇ ਗਣਤੰਤਰ ਦਿਵਸ ਸਮੇਂ ਤੱਕ ਜਦੋਂ ਭਾਰਤੀ ਗਣਤੰਤਰ ਦੇ 73 ਵਰ੍ਹੇ ਪੂਰੇ ਹੋ ਚੁੱਕੇ ਹਨ ਅਤੇ ਜਦੋਂ ਦੇਸ਼ ਅਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਉਪਰੰਤ 'ਅਜ਼ਾਦੀ ਕਾ ਅੰਮ੍ਰਿਤ ਮਹੋਤਸਵ' ਮਨਾ ਰਿਹਾ ਹੈ, ਦੇਸ਼ ਦੀ ਆਰਥਕ, ਸਮਾਜਕ ਤਰੱਕੀ ਅਤੇ ਦੇਸ਼ ਵਾਸੀਆਂ ਨੂੰ ਪਾਣੀ, ਬਿਜਲੀ, ਸਿਹਤ, ਸਿੱਖਿਆ, ਮਕਾਨ ਉਪਲਬੱਧ ਕਰਾਉਣ ਦੇ ਚੱਕਰਾਂ ਵਿੱਚ ਪਿਆ ਦਿਸਦਾ ਹੈ। ਨਾਲ ਹੀ ਦੇਸ਼ ਨੂੰ ਵੱਡੀ ਸਮੱਸਿਆ ਇਸ ਗੱਲ ਦੀ ਵੀ ਹੈ ਕਿ ਭਾਰਤੀ ਸੰਵਿਧਾਨ ਨੂੰ ਦੇਸ਼ ਦੀ ਹਾਕਮ ਧਿਰ ਖੋਰਾ ਲਾਉਣ ਅਤੇ ਦੇਸ਼ ਦਾ ਫੈਡਰਲ ਢਾਂਚਾ ਹੋਣ ਦੇ ਬਾਵਜੂਦ ਸਾਰੀਆਂ ਸ਼ਕਤੀਆਂ ਦੇ ਕੇਂਦਰੀਕਰਨ ਦੇ ਚੱਕਰ 'ਚ ਦੇਸ਼ ਦੀ ਨਿਆਂਪਾਲਿਕਾ ਨਾਲ ਵੀ ਮੱਥਾ ਲਾਈ ਬੈਠੀ ਹੈ। ਕੀ ਇਹ ਦੇਸ਼ ਲਈ ਸ਼ੁੱਭ ਸ਼ਗਨ ਹੈ?

ਦੇਸ਼ ਦੀ ਵਿਧਾਨਪਾਲਿਕਾ ਦੇ ਹਾਲਾਤ ਵੇਖਣਯੋਗ ਹਨ। ਸੰਸਦ ਹੋਵੇ ਜਾਂ ਵਿਧਾਨ ਸਭਾ, ਦਾਗੀ ਸਾਂਸਦਾਂ ਅਤੇ ਵਿਧਾਇਕਾਂ ਦੀ ਲਿਸਟ ਹੁਣ ਲੰਬੀ ਹੁੰਦੀ ਜਾ ਰਹੀ ਹੈ। ਦੇਸ਼ ਵਿੱਚ ਲੋਕ ਸੇਵਾ ਦਾ ਸੰਕਲਪ ਤਾਰ-ਤਾਰ ਹੋ ਰਿਹਾ ਹੈ। ਹਾਕਮਾਂ 'ਚ ਜੁੰਮੇਵਾਰੀ ਅਤੇ ਜਵਾਬਦੇਹੀ ਲਗਾਤਾਰ ਘਟ ਰਹੀ ਹੈ। ਰਾਜਨੀਤੀ ਪ੍ਰਕਿਰਿਆ 'ਚ ਅਪਰਾਧੀਕਰਨ, ਰਾਜਨੇਤਾਵਾਂ, ਲੋਕ ਸੇਵਕਾਂ ਅਤੇ ਧਨ ਕੁਬੇਰ ਘਰਾਣਿਆਂ 'ਚ ਅਪਵਿੱਤਰ ਗੱਠਜੋੜ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵਾਲੇ ਹਾਲਾਤ ਵਧਾ ਦਿੱਤੇ ਹਨ।

ਅਸਲ ਵਿੱਚ ਭਾਰਤੀ ਲੋਕਤੰਤਰਕ ਸਾਸ਼ਨ ਨੂੰ ਜ਼ਿਆਦਾ ਗੰਭੀਰ ਖ਼ਤਰਾ ਅਪਰਾਧੀਆਂ ਅਤੇ ਬਾਹੂਬਲੀਆਂ ਤੋਂ ਹੈ ਜੋ ਵੱਡੀ ਗਿਣਤੀ 'ਚ ਸਿਆਸਤ ਵਿੱਚ ਘੁਸਪੈਠ ਕਰ ਚੁੱਕੇ ਹਨ । ਇਹੋ ਜਿਹੀਆਂ ਸਥਿਤੀਆਂ 'ਚ ਦੇਸ਼ 'ਚ ਸ਼ਾਂਤੀ ਕਿਵੇਂ ਹੋਵੇ, ਧਾਰਮਕ ਸਾਵਾਂਪਨ ਕਿਵੇਂ ਪੁੰਗਰੇ, ਆਪਸੀ ਸਦਭਾਵ ਕਿਵੇਂ ਪੈਦਾ ਹੋਵੇ?

ਇਹ ਗੱਲ ਸਮਝਣ ਵਾਲੀ ਹੈ ਕਿ ਚੰਗਾ ਪ੍ਰਬੰਧ, ਇਮਾਨਦਾਰੀ, ਸਰਵਜਨਕ ਜੀਵਨ ਜਵਾਬਦੇਹੀ ਪਾਰਦਰਸ਼ਤਾ ਤੋਂ ਛੁਪਿਆ ਹੋਇਆ ਹੈ। ਜਿਸ ਦੀ ਪਿਛਲੇ 73 ਸਾਲ ਲਗਾਤਾਰ ਦੇਸ਼ 'ਚ ਕਮੀ ਦੇਖਣ ਨੂੰ ਮਿਲੀ ਹੈ, ਇਹੋ ਕਾਰਨ ਹੈ ਕਿ ਦੇਸ਼ ਦੇ ਲੋਕਾਂ ਪ੍ਰਤੀ 'ਦੇਸ਼ ਸੇਵਕਾਂ', ਨੌਕਰਸ਼ਾਹਾਂ 'ਚ ਬੇਗਾਨਗੀ ਦੇਖਣ ਨੂੰ ਮਿਲਦੀ ਹੈ। ਭ੍ਰਿਸ਼ਟਾਚਾਰੀ ਨੌਕਰਸ਼ਾਹਾਂ ਅਤੇ ਤਾਕਤ ਦੇ ਭੁੱਖੇ ਸਿਆਸਤਦਾਨਾਂ ਦਾ ਗੱਠਜੋੜ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਪਾਸਾ ਵੱਟ ਰਿਹਾ ਹੈ। ਇਹੋ ਕਾਰਨ ਹੈ ਕਿ ਪੌਣੀ ਸਦੀ ਬੀਤਣ ਦੇ ਬਾਅਦ ਵੀ ਦੇਸ਼ ਦੇ ਲੋਕ ਮਾੜੇ ਹਾਲਾਤਾ 'ਚ ਗੁਜ਼ਰ ਰਹੇ ਹਨ।

ਲੋਕਾਂ ਨੂੰ ਬੋਲਣ, ਚੱਲਣ ਦੀ ਅਜ਼ਾਦੀ, ਜੋ ਸੰਵਿਧਾਨ ਦਿੰਦਾ ਹੈ, ਉਸ 'ਚ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਦੇ ਸੰਵਿਧਾਨਕ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਹਾਕਮ ਧਿਰ ਜਨਤਾ ਅਤੇ ਸੁਚੇਤ ਮੀਡੀਆ ਨੂੰ ਨੁੱਕਰੇ ਲਾਉਣ ਲਈ ਪਿਛਲੇ ਦਰਵਾਜ਼ਿਓਂ ਸੈਂਸਰਸ਼ਿਪ ਲਗਾਉਣ ਦੇ ਯਤਨ ਹਾਕਮਾਂ ਵੱਲੋਂ ਹੋ ਰਹੇ ਹਨ।

ਇਨ੍ਹਾਂ ਦਿਨਾਂ 'ਚ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ 'ਤੇ ਸ਼ਿਕੰਜਾ ਕੱਸਣ ਲਈ ਆਈ ਟੀ ਕਾਨੂੰਨ 'ਚ ਤਬਦੀਲੀ ਕਰਨ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ 'ਚ ਸਰਕਾਰੀ ਏਜੰਸੀ ਨੂੰ ਆਨਲਾਈਨ ਪਲੇਟਫਾਰਮ ਤੋਂ ਖ਼ਬਰਾਂ ਹਟਾਉਣ ਦਾ ਅਧਿਕਾਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ 'ਤੇ ਗੈਰ ਵਾਜਬ ਪੋਸਟਾਂ ਵੀ ਚਲਦੀਆਂ ਹਨ ਪਰ ਸੋਸ਼ਲ ਮੀਡੀਆ ਵੱਡੇ ਪੱਧਰ 'ਤੇ ਸੂਚਨਾਵਾਂ ਅਤੇ ਜਾਣਕਾਰੀਆਂ ਦੇਣ ਦਾ ਸਾਧਨ ਵੀ ਹੈ। ਇਹੋ ਜਿਹੇ ਹਾਲਾਤ ਦੇਸ਼ 'ਚ ਸਾਲ 1975 'ਚ ਲਗਾਈ ਐਮਰਜੈਂਸੀ ਦੌਰਾਨ ਦੇਖਣ ਨੂੰ ਵੀ ਮਿਲੇ ਸਨ। ਦੇਸ਼ ਦੇ ਹਾਕਮਾਂ ਵੱਲੋਂ ਸਮੇਂ-ਸਮੇਂ ਲੋਕਾਂ ਦੇ ਮੁਢਲੇ ਅਧਿਕਾਰਾਂ ਉਤੇ ਸ਼ਿਕੰਜਾ ਕੱਸੇ ਜਾਣ ਕਾਰਨ ਵਿਸ਼ਵ ਪੱਧਰ 'ਤੇ ਭਾਰਤ ਦੀ ਲੋਕਤੰਤਰਕ ਪ੍ਰਣਾਲੀ ਉਤੇ ਵੱਡੇ ਸਵਾਲ ਖੜ੍ਹੇ ਹੋਏ ਹਨ। ਦੇਸ਼ 'ਚ ਭੜਕਿਆ ਕਿਸਾਨ ਅੰਦੋਲਨ, ਸੀ ਏ ਏ ਐਕਟ ਲਾਗੂ ਹੋਣ 'ਤੇ ਅੰਦੋਲਨ, ਬੁਲਡੋਜ਼ਰ ਰਾਜਨੀਤੀ ਨੇ ਦੇਸ਼ ਦੀ ਸ਼ਾਖ ਨੂੰ ਅੰਤਰਰਾਸ਼ਟਰੀ ਖੋਰਾ ਲਾਇਆ ਹੈ। ਉਹ ਦੇਸ਼ ਜਿਹੜਾ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ, ਉਥੇ ਭਾਰਤ ਦਾ ਰੂਲ ਆਫ ਲਾਅ (ਕਾਨੂੰਨ ਦਾ ਰਾਜ) 'ਚ 140 ਦੇਸ਼ਾਂ 'ਚੋਂ 77ਵਾਂ ਸਥਾਨ ਹੈ। ਵਰਲਡ ਜਸਟਿਸ ਪ੍ਰਾਜੈਕਟ-2022, ਵੱਲੋਂ ਦੁਨੀਆ ਭਰ ਦੇ ਰੂਲ ਆਫ ਲਾਅ ਸੰਬੰਧੀ 26 ਅਕਤੂਬਰ ਨੂੰ ਜਾਰੀ ਹੋਈ ਰਿਪੋਰਟ ਅਨੁਸਾਰ ਭਾਰਤ ਦਾ ਥਾਂ 140 ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਮਾਮਲੇ 'ਚ 94, ਸਿਵਲ ਜਸਟਿਸ (ਨਾਗਰਿਕ ਨਿਆਂ) 'ਚ 111, ਕ੍ਰਿਮੀਨਲ ਜਸਟਿਸ (ਅਪਰਾਧਕ ਨਿਆਂ) 'ਚ 89 ਅਤੇ ਭ੍ਰਿਸ਼ਟਾਚਾਰ ਮੁਕਤੀ 'ਚ 93 ਹੈ।

ਇਥੇ ਹੀ ਬੱਸ ਨਹੀਂ ਇਨ੍ਹਾਂ ਸਾਲਾਂ 'ਚ ਧਰਮ ਅਤੇ ਜਾਤ ਅਧਾਰਤ ਰਾਜਨੀਤੀ ਨੇ ਦੇਸ਼ ਨੂੰ ਬੁਰੀ ਤਰ੍ਹਾਂ ਝੰਬਿਆ ਹੈ। ਹਿੰਦੂਤਵੀ ਅਜੰਡੇ ਨੂੰ ਦੇਸ਼ 'ਤੇ ਲਾਗੂ ਕਰਨਾ ਅਤੇ ਰਾਜਨੀਤਕ ਸਮੀਕਰਨ ਦੇ ਤੌਰ 'ਤੇ ਰਾਸ਼ਟਰਵਾਦ, ਹਿੰਦੂ ਗੌਰਵ ਅਤੇ ਰਾਸ਼ਟਰੀ ਜਜ਼ਬਾਤੀ ਵਿਚਾਰਾਂ ਨੂੰ ਵਰਤਣਾ ਘੱਟ ਗਿਣਤੀਆਂ, ਪਛੜੀਆਂ ਸ਼੍ਰੇਣੀਆਂ ਲਈ ਖਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ। ਕੀ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਤੇ ਆਜ਼ਾਦੀ ਘੁਲਾਟੀਆਂ ਨੇ ਇਹ ਚਿਤਵਿਆ ਸੀ?

ਦੇਸ਼ 'ਚ ਕਈ ਇਹੋ ਜਿਹੇ ਕਾਨੂੰਨ ਪਾਸ ਕੀਤੇ ਗਏ ਹਨ ਮੌਕੇ ਦੀ ਬਹੁ-ਗਿਣਤੀ ਹਾਕਮ ਧਿਰ ਵੱਲੋਂ, ਜਿਨ੍ਹਾ ਨੇ ਘੱਟ ਗਿਣਤੀਆਂ ਲਈ ਖਤਰੇ ਸਹੇੜੇ ਹਨ। ਇਹ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿੱਤ ਵਿੱਚ ਨਹੀਂ ਹਨ, ਖ਼ਾਸ ਤੌਰ 'ਤੇ ਆਮ ਲੋਕਾਂ ਦੇ ਹਿੱਤ ਵਿੱਚ ਜੋ ਅੱਜ ਵੀ ਭੁੱਖਮਰੀ, ਬੇਰੁਜ਼ਗਾਰੀ ਨਾਲ ਨਪੀੜੇ ਜਾ ਰਹੇ ਹਨ।

ਕੀ ਦੇਸ਼ ਦੇ ਹਾਕਮ ਇਹ ਨਹੀਂ ਜਾਣਦੇ ਕਿ ਦੇਸ਼ ਭਾਰਤ ਭੁੱਖਮਰੀ ਦੇ ਮਾਮਲੇ 'ਚ ਦੁਨੀਆ ਭਰ ਦੇ 121 ਦੇਸ਼ਾਂ ਵਿੱਚ 107ਵੇਂ ਸਥਾਨ 'ਤੇ ਹੈ। ਯੂ ਐਨ ਓ ਅਨੁਸਾਰ ਮਾਨਵ ਵਿਕਾਸ ਦੇ ਮਾਮਲੇ 'ਚ ਭਾਰਤ ਦਾ ਸਥਾਨ 189 ਦੇਸ਼ਾਂ ਵਿੱਚੋਂ 131ਵਾਂ ਹੈ। ਭਾਰਤ ਪ੍ਰੈਸ ਅਜ਼ਾਦੀ 'ਚ ਪਿਛਲੇ ਸਾਲ 142 ਰੈਂਕ 'ਤੇ ਸੀ ਇਸ ਵਰ੍ਹੇ 150ਵੇਂ ਰੈਂਕ 'ਤੇ ਆ ਗਿਆ ਹੈ। ਸਿਹਤ ਸਹੂਲਤਾਂ ਦੇ ਮਾਮਲੇ 'ਚ 121 ਦੇਸ਼ਾਂ 'ਚ ਇਸ ਦਾ ਸਥਾਨ 107ਵਾਂ ਹੈ। ਇਸੇ ਤਰ੍ਹਾਂ ਸਿੱਖਿਆ ਸਹੂਲਤਾਂ 'ਚ ਇੱਕ ਸਰਵੇ ਅਨੁਸਾਰ 64 ਦੇਸ਼ਾਂ ਵਿੱਚ ਇਹ 59ਵੇਂ 'ਤੇ ਥਾਂ ਹੈ।

ਮੋਦੀ ਦੌਰ 'ਚ ਜਿਥੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਹੋਇਆ ਹੈ, ਉਥੇ ਦੇਸ਼ ਦੇ ਅਰਥਚਾਰੇ ਨੂੰ ਵੱਡੀ ਸੱਟ ਵੱਜੀ ਹੈ ਅਤੇ ਦੇਸ਼ ਅਮੀਰਾਂ ਦੇ ਗਲਬੇ 'ਚ ਆ ਗਿਆ ਹੈ, ਭਾਵ ਉਨ੍ਹਾਂ ਦੀ ਪਕੜ ਦੇਸ਼ 'ਤੇ ਮਜ਼ਬੂਤ ਹੋਈ ਹੈ। ਅਰਬਪਤੀਆਂ, ਖਰਬਪਤੀਆਂ ਦੀ ਗਿਣਤੀ 'ਚ ਕੋਵਿਡ ਤੋਂ ਬਾਅਦ ਵੱਡਾ ਵਾਧਾ ਹੋਇਆ ਹੈ, ਜਦਕਿ ਆਮ ਲੋਕ ਹੋਰ ਗਰੀਬ ਅਤੇ ਸਾਧਨਹੀਣ ਹੋਏ ਹਨ।

1947 ਤੋਂ ਹੁਣ ਤੱਕ ਦੇਸ਼ 17 ਰਾਸ਼ਟਰੀ ਪੱਧਰ ਦੀਆਂ ਅਤੇ 389 ਸੂਬਿਆਂ 'ਚ ਚੋਣਾਂ ਹੰਢਾਅ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਚੋਣਾਂ ਹਨ ਤਾਂ ਲੋਕਤੰਤਰੀ, ਪਰ ਜਿਸ ਢੰਗ ਨਾਲ ਚੋਣਾਂ ਜਿੱਤਣ ਲਈ ਹਰਥੇ ਵਰਤੇ ਜਾ ਰਹੇ ਹਨ, ਉਹ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਹਨ।

ਦੇਸ਼ 'ਚ ਸੂਬਿਆਂ ਦੇ ਅਧਿਕਾਰ ਸੀਮਤ ਕਰਨਾ ਜਾਂ ਖੋਹੇ ਜਾਣਾ ਕਿੱਧਰ ਦਾ ਲੋਕਤੰਤਰ ਹੈ? ਦੇਸ਼ ਦੀਆਂ ਸਥਾਨਕ ਸਰਕਾਰ, ਪੰਚਾਇਤਾਂ ਆਦਿ ਨੂੰ ਸਿਰਫ਼ ਸਰਕਾਰੀ ਮਹਿਕਮੇ ਬਣਾ ਦੇਣਾ ਕਿੱਧਰ ਦਾ ਲੋਕਤੰਤਰ ਹੈ? ਦੇਸ਼ 'ਚ ਲੋਕਾਂ ਦੀ ਆਮਦਨ ਦਾ ਘਟਣਾ, ਗਰੀਬ, ਅਮੀਰ ਦਾ ਪਾੜਾ ਹੋਰ ਤਿੱਖਾ ਹੋਣਾ, ਜਮਾਤੀ ਧਾਰਮਕ ਲੜਾਈਆਂ ਦਾ ਵਧਣਾ ਅਤੇ ਇਸ ਤੋਂ ਵੀ ਵੱਧ ਸਿਆਸੀ ਵਿਰੋਧੀਆਂ ਅਤੇ ਸਮਾਜਕ ਕਾਰਕੁੰਨਾਂ ਨੂੰ ਪੀੜਤ ਕਰਨਾ ਕਿਸ ਕਿਸਮ ਦਾ ਲੋਕਤੰਤਰ ਹੈ?

ਸੰਪਰਕ : 98158-02070

ਜੀਹਦਾ ਵਿਆਹ ਉਹਦੀ ਪੱਤਲ ਵੀ ਨਹੀਂ

ਆਤਮਾ ਸਿੰਘ ਪਮਾਰ

ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੀ ਵਿਲੱਖਣਤਾ ਹੀ ਇਹ ਹੈ ਕਿ ਇਸ ਦਾ ਖਜ਼ਾਨਾ ਲੋਕ ਗੀਤਾਂ, ਬੋਲੀਆਂ, ਮੁਹਾਵਰਿਆਂ, ਵਿਸ਼ੇਸ਼ਣਾਂ ਅਤੇ ਅਲੰਕਾਰਾਂ ਤੋਂ ਇਲਾਵਾ ਲਕੋਕਤੀਆਂ (ਕਹਾਵਤਾਂ) ਆਦਿ ਨਾਲ ਵੀ ਮਾਲਾਮਾਲ ਹੈ। ਹਥਲੇ ਲੇਖ 'ਚ ਜਿਸ ਕਹਾਵਤ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਕਹਾਵਤ ਹੈ, ਜੀਹਦਾ ਵਿਆਹ ਉਹਦੀ ਪੱਤਲ ਵੀ ਨਹੀਂ। ਪੁਰਾਤਨ ਸਮੇਂ ਵਿੱਚ ਜਦੋਂ ਕੋਈ ਪਰਵਾਰ ਜਾਂ ਵਿਅਕਤੀ ਵਿਸ਼ੇਸ਼, ਕਿਸੇ ਵਿਆਹ ਜਾਂ ਬਰਾਤ ਆਦਿ ਵਿਚ ਕਿਸੇ ਦੂਸਰੇ ਪਿੰਡ ਜਾਂ ਸ਼ਹਿਰ ਜਾਂਦੇ ਤਾਂ ਉਸ ਸਮੇਂ ਦੀ ਰੀਤ ਅਨੁਸਾਰ ਬਣੀ ਹੋਈ ਮਠਿਆਈ ਸੰਬੰਧਤ ਘਰ ਤੋਂ ਲੈ ਕੇ ਸਤਿਕਾਰ ਸਹਿਤ ਆਪਣੇ ਰਿਸ਼ਤੇਦਾਰਾਂ ਨੰ ਦੇ ਕੇ ਆਉਂਦੇ ਸਨ। ਜਿਸ ਨੂੰ ਪੱਤਲ ਦਾ ਨਾਂਅ ਦਿੱਤਾ ਜਾਂਦਾ ਸੀ। ਅੱਜ ਵੀ ਇਸ ਕਹਾਵਤ ਦੀ ਸਾਰਥਕਤਾ ਜਿਉਂ ਜੀ ਤਿਉਂ ਕਇਮ ਹੈ। ਜਦੋਂ ਵੀ ਅਸੀਂ ਕੋਈ ਪ੍ਰੋਗਰਾਮ ਕਿਸੇ ਵਿਸ਼ੇਸ਼ ਵਿਅਕਤੀ ਜਾਂ ਸੰਸਥਾ ਦੇ ਨਾਂਅ 'ਤੇ ਤਾਂ ਕਰੀਏ, ਪ੍ਰੰਤੂ ਉਸ ਦਾ ਨਾਂਅ ਤੱਕ ਨਾ ਲਿਆ ਜਾਵੇ ਤਾਂ ਸਹਿਜੇ ਹੀ ਸਾਡੇ ਬੁੱਲ੍ਹਾਂ 'ਤੇ ਇਹ ਕਹਾਵਤ ਆ ਜਾਂਦੀ ਹੈ ਕਿ ਜੀਹਦਾ ਵਿਆਹ ਉਹਦੀ ਪੱਤਲ ਵੀ ਨਹੀਂ। ਸਾਡਾ ਭਾਰਤ ਦੇਸ਼ ਲੱਗਭੱਗ ਦੋ ਸੌ ਸਾਲ ਅੰਗਰੇਜ਼ ਹਕੂਮਤ ਦਾ ਗੁਲਾਮ ਰਿਹਾ। ਗੁਲਾਮੀ ਦੇ ਇਸ ਦੌਰ ਦੌਰਾਨ ਅੰਗਰੇਜ਼ਾਂ ਵੱਲੋਂ ਭਾਰਤੀ ਅਜਾਦੀ ਘੁਲਾਟੀਆਂ ਨੂੰ ਹਰ ਤਰ੍ਹਾਂ ਨਾਲ ਜ਼ਲੀਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਤਰ੍ਹਾਂ-ਤਰ੍ਹਾਂ ਦੇ ਲੋਕ ਵਿਰੋਧੀ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਤਸੀਹੇ ਦੇਣ, ਕਾਲੇ ਪਾਣੀਆਂ ਦੀ ਸਜ਼ਾ ਤੋਂ ਇਲਾਵਾ ਵੱਡੀ ਗਿਣਤੀ ਮਰਦ ਅਤੇ ਔਰਤਾਂ ਨੂੰ ਅਜ਼ਾਦੀ ਦੇ ਇਸ ਸੰਗਰਾਮ ਵਿੱਚ ਸ਼ਹੀਦੀ ਦੇ ਜਾਮ ਵੀ ਪੀਣੇ ਪਏ। ਲੰਬੇ ਸੰਘਰਸ਼ ਤੋਂ ਬਾਅਦ ਅਖੀਰ ਅੰਗਰੇਜ਼ਾਂ ਨੂੰ 15 ਅਗਸਤ 1947 ਦੇ ਦਿਨ ਲੋਕਾਂ ਦੇ ਸਖ਼ਤ ਵਿਰੋਧ ਕਾਰਨ ਭਾਰਤ ਅਜ਼ਾਦ ਕਰਕੇ ਆਪਣੇ ਦੇਸ਼ ਵਾਪਸ ਪਰਤਣਾ ਪਿਆ। ਉਸੇ ਦਿਨ ਤੋਂ ਹੀ ਭਾਰਤ ਦੇ ਲੋਕ ਉਕਤ ਦਿਨ ਨੂੰ ਸੁਤੰਤਰਤਾ ਦਿਵਸ ਵਜੋਂ ਮਨਾਉਂਦੇ ਆ ਰਹੇ ਹਨ। ਉਸ ਦਿਨ ਅਸੀਂ ਅਜ਼ਾਦੀ ਦੇ ਪਰਵਾਨਿਆਂ ਦੀਆਂ ਅਕਹਿ ਅਤੇ ਅਸਹਿ ਘਾਲਣਾਵਾਂ ਅਤੇ ਦਿੱਤੀਆਂ ਹੋਈਆਂ ਕੁਰਬਾਨੀਆਂ ਨੂੰ ਸਿਜਦਾ ਵੀ ਕਰਦੇ ਹਾਂ। ਇਸੇ ਤਰ੍ਹਾਂ ਹੀ ਭਾਰਤ ਦੇ ਲੋਕ ਕੌਮੀ, ਰਾਜ, ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਪ੍ਰੋਗਰਾਮਾਂ ਤਹਿਤ 26 ਜਨਵਰੀ ਨੂੰ ਵੀ ਗਣਤੰਤਰ ਦਿਵਸ ਵਜੋਂ ਮਨਾਉਂਦੇ ਹਨ। ਉਡਦੀ ਨਜ਼ਰੇ ਭਾਵੇਂ ਇਹ ਦੋਵੇਂ ਦਿਨ ਲਗਭਗ ਇੱਕੋ ਜਿਹੇ ਹੀ ਜਾਪਦੇ ਹਨ ਅਤੇ ਇਨ੍ਹਾਂ ਨੂੰ ਵੱਖਰਿਆ ਕੇ ਵੇਖਿਆ ਵੀ ਨਹੀ ਜਾ ਸਕਦਾ, ਪ੍ਰੰਤੂ ਫਿਰ ਵੀ ਇਨ੍ਹਾਂ ਦੋਵਾਂ ਦਿਨਾਂ ਦੀ ਆਪੋ-ਆਪਣੀ ਪਹਿਚਾਣ ਅਤੇ ਮਹੱਤਵ ਨੂੰ ਨਜ਼ਰ-ਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਅਜ਼ਾਦੀ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਣ ਕਾਰਨ ਉਨ੍ਹਾਂ ਨੂੰ ਦੋ ਵੱਖਰੇ-ਵੱਖਰੇ ਦੇਸ਼ ਐਲਾਨ ਦਿੱਤਾ ਗਿਆ ਤਾਂ ਇਹ ਵੀ ਲਾਜ਼ਮੀ ਸੀ ਕਿ ਰਾਜ ਭਾਗ ਅਤੇ ਇਨ੍ਹਾਂ ਦੀਆਂ ਸਰਕਾਰਾਂ ਵੀ ਅਲੱਗ-ਅਲੱਗ ਹੀ ਹੋਣਗੀਆਂ। ਉਸ ਸਮੇਂ ਬਿਨਾਂ ਸ਼ੱਕ ਧਰਮ ਅਧਾਰਤ ਖੂਨ-ਖਰਾਬੇ, ਦੰਗੇ, ਅਰਾਜਕਤਾ ਅਤੇ ਅਫਰਾ-ਤਫਰੀ ਵਾਲਾ ਮਾਹੌਲ ਸੀ, ਜਿਸ ਨੂੰ ਇਤਿਹਾਸ ਵਿੱਚ ਮਨੁੱਖੀ ਕਤਲ-ਏ-ਆਮ ਵਜੋਂ ਅੰਕਤ ਵੀ ਕੀਤਾ ਗਿਆ ਹੈ।

ਸਮੇਂ ਨੇ ਕਰਵਟ ਲਈ ਤਾਂ ਉਸ ਸਮੇਂ ਦੇ ਨੇਤਾਵਾਂ ਵੱਲੋਂ ਆਪਸੀ ਸਹਿਮਤੀ ਨਾਲ ਇੱਕ ਅੰਤਰਿਮ ਸਰਕਾਰ ਦਾ ਗਠਨ ਕੀਤਾ ਗਿਆ ਅਤੇ ਜਵਾਹਰ ਲਾਲ ਨਹਿਰੂ, ਇਸ ਅੰਤਰਿਮ ਸਰਕਾਰ ਦੇ ਪ੍ਰਧਾਨ ਮੰਤਰੀ ਥਾਪੇ ਗਏ। ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਇੱਕ ਮੰਤਰੀ ਮੰਡਲ ਦੀ ਸਥਾਪਨਾ ਵੀ ਕੀਤੀ ਗਈ। ਇਸ ਮੰਤਰੀ ਮੰਡਲ ਵਿੱਚ ਦਲਿਤਾਂ ਦੇ ਮਸੀਹਾ, ਉਘੇ ਕਾਨੂੰਨਦਾਨ ਅਤੇ ਯੁੱਗ ਪੁਰਸ਼ ਜਿਸ ਨੂੰ ਸਕੂਲ 'ਚ ਵੱਖਰਾ ਬਿਠਾਉਣ, ਸਰਾਵਾਂ ਵਿੱਚ ਰੈਣ ਬਸੇਰਾ ਨਾ ਦੇਣਾ, ਜਿਸ ਦੀ ਛੋਹ ਨਾਲ ਟਾਂਗਾ, ਬਜ਼ੈਂਦਾ ਰਿਆਸਤ ਦੀਆਂ ਫਾਈਲਾਂ, ਤਲਾਬ ਦਾ ਪਾਣੀ ਅਪਵਿਤਰ ਹੋਣ, ਹੋਸਟਲਾਂ, ਹੋਟਲਾਂ, ਮੰਦਰਾਂ, ਨਾਈਆਂ ਦੀਆਂ ਦੁਕਾ

26-JAN-PAGE-5.qxd 1/25/2023 10:37 PM Page 1

ਜੀਂਦ ਵਿਖੇ ਹੋਣ ਵਾਲੀ ਮਹਾਂ ਪੰਚਾਇਤ 'ਚ ਭਰਵੀਂ ਸ਼ਮੂਲੀਅਤ ਦਾ ਐਲਾਨ

ਦੋਰਾਹਾ, (ਪ ਪ) ਕੁੱਲ ਹਿੰਦ ਕਿਸਾਨ ਸਭਾ (1936) ਜ਼ਿਲ੍ਹਾ ਲੁਧਿਆਣਾ ਦੀ ਹੰਗਾਮੀ ਮੀਟਿੰਗ ਕੀਤੀ ਗਈ। ਜਿਸ ਦੇ ਬਾਰੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਜਸਵੀਰ ਝੱਜ, ਜਨਰਲ ਸਕੱਤਰ ਚਮਕੌਰ ਸਿੰਘ ਬਰਮੀ, ਮੀਤ ਪ੍ਰਧੀਨ ਜੰਗ ਸਿੰਘ ਸਿਰਥਲਾ ਅਤੇ ਵਿੱਤ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਜਨਵਰੀ ਨੂੰ ਉਤਰੀ ਭਾਰਤ ਦੇ ਛੇ ਸੂਬਿਆਂ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਉਤਰਾਖੰਡ ਹਿਮਾਚਲ ਪ੍ਰਦੇਸ਼ ਵੱਲੋਂ ਜੀਂਦ ਵਿਖੇ ਕਿਸਾਨ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ। ਕੁੱਲ ਹਿੰਦ ਕਿਸਾਨ ਸਭਾ (1936) ਸੂਬਾ ਕਮੇਟੀ ਵਲੋਂ ਕੀਤੇ ਫੈਸਲੇ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕਾਫ਼ਲੇ ਜਾਣਗੇ। ਜ਼ਿਲ੍ਹਾ ਲੁਧਿਆਣਾ ਵਿਚੋਂ ਵੀ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਦਿੱਲੀ ਮੋਰਚਾ ਚੱਲਦੇ ਸਮੇਂ 26 ਜਨਵਰੀ 2021 ਨੂੰ ਕੀਤੇ ਗਏ, ਮਹਾਂ ਟ੍ਰੈਕਟਰ ਮਾਰਚ ਦੀ ਯਾਦ ਤਾਜ਼ਾ ਕਰਾਉਂਦੀ, ਜੀਂਦ ਦੀ ਕਿਸਾਨ ਮਹਾਂਪੰਚਾਇਤ ਸੰਯੁਕਤ ਕਿਸਾਨ ਮੋਰਚੇ ਅਤੇ ਵੱਖ-ਵੱਖ ਰਾਜਾਂ ਦੇ ਕਿਸਾਨਾਂ ਦੇ ਏਕੇ ਦੀ ਮਿਸਾਲ ਬਣੇਗੀ। ਦਿੱਲੀ ਮੋਰਚੇ ਦੌਰਾਨ ਕੇਂਦਰ ਸਰਕਾਰ ਨਾਲ ਤਹਿ ਹੋਈਆਂ ਮੰਗਾਂ ਸਾਰੀਆਂ ਫ਼ਸਲਾਂ ਤੇ ਐਸ.ਐਸ.ਪੀ. ਅਤੇ ਸਰਕਾਰੀ ਖਰੀਦ ਦੀ ਗਰੰਟੀ, ਲਖੀਮਪੁਰ ਘਟਨਾ ਦੇ ਸਾਰੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਉਣ ਅਤੇ ਬੇਦੋਸ਼ੇ ਕਿਸਾਨਾਂ ਨੂੰ ਜੇਲ੍ਹਾਂ ਚੋਂ ਰਿਹਾਅ ਕਰਾਉਣ, ਕਿਸਾਨਾਂ ਉੱਤੇ ਕੀਤੇ ਪਰਚੇ ਰੱਦ ਕਰਾਉਣ, ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਮਜ਼ਦੂਰਾਂ ਦੇ ਪਰਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਤੇ ਇਕ ਜੀਅ ਨੂੰ ਸਰਕਾਰੀ ਨੌਕਰੀ, ਬਿਜਲੀ ਬਿੱਲ 2020 ਰੱਦ ਕਰਾਉਣ, ਸਮੁੱਚਾ ਕਿਸਾਨੀ ਕਰਜ਼ਾ ਖਤਮ, ਕਿਸਾਨਾਂ ਮਜ਼ਦੂਰ ਦੀ ਪੈਨਸ਼ਨ ਲਵਾਉਣ, ਫ਼ਸਲੀ ਬੀਮਾਂ ਯੋਜਨਾ ਲਾਗੂ ਕਰਾਉਣ ਸਮੇਤ ਹੋਰ ਤਤਕਾਲੀ ਮੰਗਾਂ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਮਜ਼ਬੂਤੀ ਬਖਸ਼ੇਗੀ।

ਜੀਂਦ ਵਿਖੇ ਮਹਾਂਪੰਚਾਇਤ ਵਿਚ ਜਾਣ ਲਈ ਪਰਮਜੀਤ ਸਿੰਘ ਝੱਜ (ਦੁੰਗਰੀ), ਮਨੀ ਰੌਲ, ਸੁਖਵਿੰਦਰ ਸਿੰਘ ਬੁਆਣੀ, ਨਛੱਤਰ ਸਿੰਘ ਪੰਧੇਰ ਖੇੜ੍ਹੀ, ਜਗਦੀਸ਼ ਰਾਏ ਮਾਛੀਵਾੜਾ, ਗੁਰਨਾਮ ਸਿੰਘ ਬਹਾਦਰਕੇ, ਅਮਨਦੀਪ ਸਿੱਧਵਾਂ ਬੇਟ, ਭਰਪੂਰ ਸਿੰਘ ਸਵੱਦੀ, ਮਨਦੀਪ ਸਿੰਘ ਦੀਪਾ ਮਾਦਪੁਰ, ਰਵਿੰਦਰ ਸਿੰਘ ਰੋਮੀ ਅਜਨੌਦ, ਅਮਰ ਸਿੰਘ ਜਲਾਲਦੀਵਾਲ, ਸੁਦਾਗਰ ਸਿੰਘ ਜਲਾਲਦੀਵਾਲ ਆਦਿ ਨੇ ਕਿਸਾਨਾਂ ਦੀ ਹਿਮਾਇਤ ਦਾ ਪੁਰਜ਼ੋਰ ਸਮਰਥਨ ਕੀਤਾ ਹੈ।

ਵਿਦਿਆਰਥੀਆਂ ਵੱਲੋਂ ਚਾਈਨਾ ਡੋਰ ਨਾ ਵਰਤਣ ਸੰਬੰਧੀ ਪ੍ਰਣ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ) ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਨਿਰਦੇਸਾ ਅਨੁਸਾਰ ਚਾਈਨਾ ਡੋਰ ਦੀ ਵਰਤੋਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੱਲੋਂ ਚਾਈਨਾ ਡੋਰ ਦੇ ਦੁਸ਼ਪ੍ਰਭਾਵਾਂ ਦੇ ਸੰਬੰਧ ਵਿੱਚ ਵਿਸ਼ੇਸ਼ ਜਾਗਰੂਕਤਾ ਸਭਾ ਕਰਾਈ ਗਈ, ਜਿਸ ਵਿੱਚ ਬੱਚਿਆਂ ਨੂੰ ਚਾਈਨਾ ਡੋਰ ਦੇ ਹੋ ਰਹੇ ਦੁਸ਼ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਗਿਆ।

ਸਕੂਲ ਦੇ ਪ੍ਰਿੰਸੀਪਲ ਸ. ਕੁਲਦੀਪ ਸਿੰਘ ਨੇ ਸਭਾ ਨੂੰ ਸੰਬੋਧਨ ਕਰਦਿਆਂ ਬੱਚਿਆਂ ਨੂੰ ਡੋਰ ਦੇ ਹੋ ਰਹੇ ਹਾਨੀਕਾਰਕ ਨਤੀਜਿਆਂ ਬਾਰੇ ਜਾਣੂ ਕਰਾਉਂਦਿਆਂ ਦੱਸਿਆ ਕਿ ਕਿਵੇਂ ਇਹ ਬੇਹੱਦ ਬਰੀਕ ਅਤੇ ਸਖਤ ਧਾਗਾ ਮਨੁੱਖਾਂ ਅਤੇ ਪਸ਼ੂ ਪੰਛੀਆਂ ਦੀ ਜਾਨ ਦਾ ਖੌਅ ਬਣਿਆ ਹੋਇਆ ਹੈ। ਇਸ ਮੌਕੇ ਵੱਖ-ਵੱਖ ਅਧਿਆਪਕਾਂ ਅਤੇ ਬੱਚਿਆਂ ਵਲੋਂ ਵੀ ਇਸ ਸੰਬੰਧੀ ਚਰਚਾ ਕੀਤੀ ਗਈ ਅਤੇ ਦੱਸਿਆ ਕਿ ਇਸ ਡੋਰ ਕਾਰਨ ਅਨੇਕਾ ਲੋਕਾਂ ਅਤੇ ਪਸ਼ੂ ਪੰਛੀਆਂ ਨੂੰ ਨੁਕਸਾਨ ਪਹੁੰਚਿਆ ਹੈ ਤੇ ਕਈ ਲੋਕ ਇਸ ਕਾਰਨ ਆਪਣੀ ਜਾਨ ਵੀ ਗਵਾ ਚੁੱਕੇ ਹਨ ਅਤੇ ਉਨ੍ਹਾਂ ਨੇ ਸਭ ਨੂੰ ਇਸ ਡੋਰ ਦੀ ਵਰਤੋਂ ਨਾ ਕਰਨ ਲਈ ਕਿਹਾ।

ਇਸ ਮੌਕੇ ਸਕੂਲ ਦੀ ਸਮੂਹ ਪ੍ਰਬੰਧਕ ਕਮੇਟੀ ਚੇਅਰਮੈਨ ਗੁਰਚਰਨ ਸਿੰਘ ਚੇਅਰਪਰਸਨ ਸ੍ਰੀਮਤੀ ਕੁਸਵੰਤ ਕੌਰ, ਡਾਇਰੈਕਟਰ ਸ੍ਰੀਮਤੀ ਕਿਰਨਜੋਤ ਕੌਰ, ਮੈਨੇਜਰ ਗੁਰਮੀਤ ਸਿੰਘ ਤੇ ਪ੍ਰਿੰਸੀਪਲ, ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਕਿਰਤੀ ਕਾਲਜ ਗਰਲਜ਼ ਵੱਲੋਂ ਚਾਇਲਡ ਦਿਵਸ ਮਨਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਐੱਨਐੱਸਐੱਸ ਵਿਭਾਗ ਵੱਲੋਂ ਗਰਲਜ ਚਾਈਲਡ ਦਿਵਸ ਮਨਾਇਆ ਗਿਆ। ਐੱਨਐੱਸਐੱਸ ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਰਮਨਜੀਤ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੇ ਵਰਤਮਾਨ ਸਮੇਂ ਵਿੱਚ ਭਾਵੇਂ ਕੁੜੀਆਂ ਘਰਾਂ ਵਿੱਚੋਂ ਬਾਹਰ ਨਿਕਲ ਕੇ ਉਚੇਰੀ ਸਿੱਖਿਆ ਹਾਸਲ ਕਰਕੇ ਉੱਚ ਅਹੁਦਿਆਂ ਤੇ ਪਹੁੰਚੀਆਂ ਹਨ, ਪਰ ਫਿਰ ਵੀ ਕਈ ਥਾਂਵਾਂ 'ਤੇ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋਫੈਸਰ ਅਮਰਜੀਤ ਸਿੰਘ ਨੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕੁੜੀਆਂ ਹਰ ਖੇਤਰ ਵਿਚ ਮੁੰਡਿਆਂ ਨਾਲੋਂ ਅੱਗੇ ਹਨ, ਭਾਵੇਂ ਕਈ ਥਾਂਵਾਂ 'ਤੇ ਸਿਟੀ ਸਕੈਨ ਰਾਹੀਂ ਚੈੱਕ ਕਰਕੇ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਹੈ, ਇਸ ਲਈ ਸਾਡੇ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਕੁੜੀਆਂ ਨਾਲ ਭੇਦਭਾਵ ਕਰਨ ਵਾਲੇ ਲੋਕਾਂ ਨੂੰ ਨਾਰੀ ਸ਼ਕਤੀ ਬਾਰੇ ਜਾਗਰੂਕ ਕਰੀਏ।

ਡਾ. ਗੁਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਦਿ ਕਾਲ ਤੋਂ ਹੀ ਔਰਤਾਂ ਨਾਲ ਵਿਤਕਰਾ ਹੋ ਰਿਹਾ ਹੈ, ਜਿਸ ਕਰਕੇ ਅੱਜ ਤੱਕ ਕੁੜੀ ਜੰਮਣ ਤੋਂ ਲੈ ਕੇ ਮਰਨ ਤੱਕ ਹਰ ਥਾਂ ਤੇ ਉਸ ਨਾਲ ਭੇਦਭਾਵ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮ ਕਾਲਜ ਵਿੱਚ ਕੁੜੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਕੀਤੇ ਜਾਂਦੇ ਹਨ।

ਇਸ ਮੌਕੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋਫੈਸਰ ਮਨਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਆਨਲਾਈਨ ਮੋਡ ਰਾਹੀਂ ਕਰਾਈ ਜਾ ਰਹੀ ਸੈੱਲਫ ਡਿਫੈਂਸ ਟ੍ਰੇਨਿੰਗ ਵਿਦਿਆਰਥਣਾਂ ਨਾਲ ਸ਼ੇਅਰ ਕੀਤਾ। ਇਸ ਮੌਕੇ ਐੱਨਐੱਸਐੱਸ ਪ੍ਰੋਗਰਾਮ ਅਫਸਰ ਪ੍ਰੋਫੈਸਰ ਹਰਮੀਤ ਸਿੰਘ, ਡਾ ਅਨੁਰਾਗਾ, ਪ੍ਰੋ ਅਮ੍ਰਿਤਪਾਲ, ਪ੍ਰੋ. ਜਗਦੀਸ਼ ਸਿੰਘ, ਪ੍ਰੋ ਬਲਕਾਰ ਸਿੰਘ, ਪ੍ਰੋ ਸੰਜੀਵ ਕੁਮਾਰ ਤੇ ਪ੍ਰੋ. ਸੰਦੀਪ ਕੌਰ ਮੌਜੂਦ ਸਨ।

4 ਕਿੱਲੋ 400 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆਂ 'ਤੇ ਮਾਮਲਾ ਦਰਜ

ਮਲੋਟ, (ਗੁਰਮੀਤ ਸਿੰਘ ਮੱਕੜ) ਪੰਜਾਬ ਸਰਕਾਰ ਤੇ ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪੁਲਿਸ ਮੁਖੀ ਉਪਿੰਦਰਜੀਤ ਸਿੰਘ ਆਈ.ਪੀ.ਐਸ. ਵੱਲੋਂ ਇੱਕ ਵਿਸ਼ੇਸ਼ ਮੁਹਿਮ ਵਿੱਢੀ ਗਈ ਹੈ।

ਮੁਹਿਮ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਬਲਕਾਰ ਸਿੰਘ ਸਿੱਧੂ ਡੀ.ਐਸ.ਪੀ ਦੀ ਹਾਜ਼ਰੀ ਵਿੱਚ ਥਾਣਾ ਲੰਬੀ ਪੁਲਿਸ ਵਲੋਂ 4 ਕਿਲੋ, 400 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ।ਜਾਣਕਾਰੀ ਅਨੁਸਾਰ ਲੰਬੀ ਪੁਲਸ ਵੱਲੋਂ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿਚ ਥਾਣਾ ਲੰਬੀ ਦੇ ਏਰੀਏ ਬਾਹੱਦ ਰਕਬਾ ਡਿਫੈਂਸ ਰੋਡ ਪਿੰਡ ਬਲੋਚਕੇਰਾ ਨਜ਼ਦੀਕ ਨਾਕਾ ਲਾਇਆ ਹੋਇਆ ਸੀ ।ਪੁਲਸ ਪਾਰਟੀ ਵਲੋਂ ਨਾਕਾ 'ਤੇ ਇੱਕ ਸਵਿਫਟ ਕਾਰ ਵਾਇਟ ਨੂੰ ਸ਼ੱਕ ਦੇ ਆਧਾਰ 'ਤੇ ਰੁਕਣ ਦਾ ਇਸ਼ਾਰਾ ਕੀਤਾ ਗਿਆ, ਜਿਸ ਵਿਚ 02 ਨੌਜਵਾਨ ਬੈਠੇ ਹੋਏ ਸਨ।ਕਾਰ ਵਿਚ ਨਸ਼ੀਲੇ ਪਦਾਰਥ ਦਾ ਸ਼ੱਕ ਹੋਣ 'ਤੇ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਉਂਦੇ ਪੁਲਸ ਪਾਰਟੀ ਵੱਲੋਂ ਕਾਰ ਵਿਚੋਂ 4 ਕਿਲੋ, 400 ਗ੍ਰਾਮ ਹੈਰੋਇਨ ਬਰਾਮਦ ਕਰ ਲਈ ਗਈ ਹੈ, ਜਿਸ 'ਤੇ ਮੁਕੱਦਮਾ ਨੰ. 17 ਅ/ਧ 21ਸੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਬਰਖਿਲਾਫ਼ ਗੌਰਵ ਵਾਸੀ ਸਵਰਨ ਸਿੰਘ ਕਲੋਨੀ ਕਪੂਰਥਲਾ ਤੇ ਆਕਾਸ਼ ਵਾਸੀ ਮਾਰਕ ਫੈਡ ਚੌਂਕ ਕਪੂਰਥਲਾ, ਥਾਣਾ ਲੰਬੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਦੋਸ਼ੀ ਗੌਰਵ ਵਾਸੀ ਸਵਰਨ ਸਿੰਘ ਕਲੋਨੀ ਕਪੂਰਥਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਹੋਰ ਪੁੱਛਗਿੱਛ ਕਰਨ 'ਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਕਾਤਰਾਂ

ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਦਾ ਧਰਨਾ ਖਤਮ

ਮੋਗਾ (ਅਮਰਜੀਤ ਬੱਬਰੀ) -ਆਲ ਇੰਡੀਆ ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ ਏਟਕ ਪੰਜਾਬ ਵੱਲੋਂ ਮਾਣਭੱਤਾ ਨਾ ਮਿਲਣ ਕਰਕੇ ਜਥੇਬੰਦੀ ਵੱਲੋਂ ਡੀਸੀ ਦਫ਼ਤਰ ਦੇ ਸਾਹਮਣੇ ਪੱਕਾ ਮੋਰਚਾ ਲਾਇਆ ਗਿਆ ਸੀ। ਇਸ ਮੋਰਚੇ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਖੁਦ ਜਥੇਬੰਦੀ ਦੇ ਆਗੂਆਂ ਨਾਲ ਗੱਲ ਕਰਕੇ ਬਲਾਕ-1 ਦਾ ਧਰਨਾ ਖਤਮ ਕਰਾ ਦਿੱਤਾ। ਆਂਗਣਵਾੜੀ ਵਰਕਰਾਂ ਦੀਆਂ ਮੰਗਾਂ ਅਨੁਸਾਰ ਡਿਪਟੀ ਕਮਿਸ਼ਨਰ ਨੇ ਸੀਡੀਪੀਓ ਮੋਗਾ ਦਾ ਚਾਰਜ ਬਾਘਾਪੁਰਾਣਾ ਨੂੰ ਦੇ ਕੇ ਅਤੇ ਮਾਣ ਭੱਤਾ ਕੱਲ੍ਹ ਤੱਕ ਖਾਤਿਆਂ ਵਿੱਚ ਪਾਉਣ ਦਾ ਭਰੋਸਾ ਦੇ ਕੇ ਧਰਨਾ ਖਤਮ ਕਰਵਾ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਸੀਡੀਪੀਓ ਨੂੰ ਜਥੇਬੰਦੀ ਦੇ ਆਗੂਆਂ ਨਾਲ-ਨਾਲ ਬੈਠ ਕੇ ਗੱਲ ਕਰਨ ਲਈ ਕਿਹਾ ਗਿਆ ਤਾਂ ਜੁ ਬਾਕੀ ਮਸਲੇ ਵੀ ਮਸਲੇ ਹੱਲ ਕੀਤੇ ਜਾ ਸਕਣ। ਗੁਰਚਰਨ ਕੌਰ ਸੂਬਾ ਵਿੱਤ ਸਕੱਤਰ, ਬਲਵਿੰਦਰ ਕੌਰ ਖੋਸਾ, ਗੁਰਪ੍ਰੀਤ ਕੌਰ ਚੁਗਾਵਾਂ, ਸ਼ਿੰਦਰ ਕੌਰ ਦੁਨੇਕੇ ਤੇ ਗੁਰਜੀਤ ਕੌਰ ਮਸੀਤਾਂ ਹਾਜ਼ਰ ਸਨ।

ਖੰਡ ਮਿੱਲ ਤੋਂ 20 ਕਰੋੜ ਦੀ ਅਦਾਇਗੀ ਲੈਣ ਲਈ ਤਹਿਸੀਲਦਾਰ ਦਾ ਦਫ਼ਤਰ ਘੇਰਿਆ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ) ਗੰਨਾ ਕਾਸ਼ਤਕਾਰ ਸੰਘਰਸ਼ ਕਮੇਟੀ ਨੇ ਸਥਾਨਕ ਖੰਡ ਮਿੱਲ ਦੇ ਪ੍ਰਬੰਧਕਾਂ ਵੱਲੋਂ ਖਰੀਦੇ ਗੰਨੇ ਦੀ ਅਦਾਇਗੀ ਨਾ ਕਰਨ ਪ੍ਰਤੀ ਰੋਸ ਪ੍ਰਗਟ ਕਰਦਿਆਂ ਅੱਜ ਐਸਡੀਐਮ ਦਫ਼ਤਰ ਧੂਰੀ ਧਰਨਾ ਦਿੱਤਾ। ਸੰਘਰਸ਼ ਕਮੇਟੀ ਦੇ ਕਨਵੀਨਰ ਹਰਜੀਤ ਸਿੰਘ ਬੁਗਰਾ ਦੀ ਅਗਵਾਈ ਹੇਠ ਅੱਜ ਇਲਾਕੇ ਦੇ ਗੰਨਾ ਕਾਸ਼ਤਕਾਰਾਂ ਵੱਲੋਂ ਪਹਿਲਾਂ ਸਥਾਨਕ ਨਵੀਂ ਅਨਾਜ ਮੰਡੀ ਵਿਖੇ ਮੀਟਿੰਗ ਕਰਨ ਉਪਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ ਤਹਿਸੀਲ ਦਫ਼ਤਰ ਵਿਖੇ ਹੀ ਰੋਸ ਧਰਨਾ ਦਿੱਤਾ।

ਧਰਨਾਕਾਰੀਆਂ ਵੱਲੋਂ ਅਧਿਕਾਰੀਆਂ ਨੂੰ ਰੋਕਣ ਕਾਰਨ ਤਹਿਸੀਲ ਦਾ ਕੰਮਕਾਰ ਵੀ ਪ੍ਰਭਾਵਤ ਰਿਹਾ। ਹਰਜੀਤ ਸਿੰਘ ਬੁਗਰਾ ਨੇ ਦੱਸਿਆ ਕਿ ਜਿੱਥੇ ਪਿਛਲੇ ਸੀਜ਼ਨ ਦੀ ਗੰਨੇ ਦੀ ਕਰੀਬ ਇੱਕ ਕਰੋੜ ਬਕਾਇਆ ਰਕਮ ਰਹਿੰਦੀ ਹੈ, ਉਥੇ ਚਾਲੂ ਸੀਜ਼ਨ ਦਾ ਕਰੀਬ 20 ਕਰੋੜ ਰੁਪਿਆ ਬਕਾਇਆ ਰਹਿੰਦਾ ਹੈ। ਉਨ੍ਹਾ ਦੋਸ਼ ਲਾਇਆ ਕਿ ਹਲਕੇ ਦੀ ਬਤੌਰ ਵਿਧਾਇਕ ਨੁਮਾਇੰਦਗੀ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜ਼ਮੀਨੀ ਪੱਧਰ 'ਤੇ ਗੰਨਾ ਕਾਸ਼ਤਕਾਰਾਂ ਦੇ ਹੱਕ ਦੀ ਕੋਈ ਗੱਲ ਨਹੀਂ ਕੀਤੀ ਜਾ ਰਹੀ।

ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸੀਲੇਟਰ ਯੂਨੀਅਨ ਦੀ ਮੀਟਿੰਗ

ਜਲਾਲਾਬਾਦ, (ਜੀਤ ਕੁਮਾਰ) ਆਲ ਇੰਡੀਆ ਆਸ਼ਾ ਵਰਕਰਜ਼ ਅਤੇ ਆਸ਼ਾ ਫੈਸੀਲੇਟਰ ਯੂਨੀਅਨ (ਏਟਕ) ਦੀ ਮੀਟਿੰਗ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬਲਾਕ ਪ੍ਰਧਾਨ ਸਵਰਨ ਕੌਰ ਦੀ ਪ੍ਰਧਾਨਗੀ ਹੇਠ ਆਯੋਜਤ ਹੋਈ, ਜਿਸ 'ਚ 29 ਜਨਵਰੀ ਨੂੰ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੀ ਅਗਵਾਈ ਹੇਠ ਸੰਗਰੂਰ ਵਿਖੇ ਹੋ ਰਹੀ ਸੂਬਾ ਪੱਧਰੀ ਰੈਲੀ 'ਚ ਆਸ਼ਾ ਵਰਕਰਜ ਤੇ ਫੈਸੀਲੇਟਰਜ ਦੇ ਸ਼ਾਮਲ ਹੋਣ ਬਾਰੇ ਵਿਚਾਰ ਚਰਚਾ ਕੀਤੀ ਗਈ।

ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਤੇ ਜ਼ਿਲ੍ਹਾ ਸਕੱਤਰ ਨੀਲਮ ਰਾਣੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਵਲੋਂ ਪੰਜਾਬ ਦੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਚੋਣਾਂ ਦੌਰਾਨ ਆਸ਼ਾ ਵਰਕਰਾਂ ਦਾ ਮਾਣਭੱਤਾ ਦੁੱਗਣਾ ਕਰਨ ਅਤੇ ਕੀਤੇ ਜਾਣ ਵਾਲੇ ਕੰਮਾਂ ਦਾ ਕਮਿਸ਼ਨ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਸੂਬਾ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਰਹੀ ਹੈ। ਪਿਛਲੀ ਸਰਕਾਰ ਨੇ 2500 ਰੁਪਏ ਬੱਝਵਾਂ ਮਾਣਭੱਤਾ ਸ਼ੁਰੂ ਕੀਤਾ ਸੀ, ਉਹ ਵੀ ਸਮੇਂ ਸਿਰ ਨਹੀਂ ਮਿਲ ਰਿਹਾ ਹੈ। ਫੀਲਡ ਵਿੱਚ ਕੀਤੇ ਜਾਣ ਵਾਲੇ ਕੰਮਾਂ ਪ੍ਰਤੀ ਵੀ ਬਹੁਤ ਮੁਸ਼ਕਲਾਂ ਆ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਨੂੰ ਇਕ ਪਾਸੇ ਸਿਹਤ ਵਿਭਾਗ 'ਚ ਗੀਜ਼ ਦੀ ਹੱਡੀ ਕਿਹਾ ਜਾਂਦਾ ਹੈ, ਪਰ ਦੂਜੇ ਪਾਸੇ ਸਾਡੇ ਕੀਤੇ ਕੰਮਾਂ ਨੂੰ ਸਰਕਾਰ ਆਖੇ-ਪਰੇਖੇ ਕਰ ਰਹੀ ਹੈ, ਜਿਸਦੇ ਕਾਰਨ ਪੰਜਾਬ ਦੀਆਂ ਸਮੂਹ ਆਸ਼ਾ ਵਰਕਰ

page-6-26-(JAN)-2023-G-(BV).qxd 1/25/2023 10:39 PM Page 1

ਘਰ 'ਚੋਂ ਸੋਨੇ ਦੇ ਗਹਿਣੇ ਚੋਰੀ

ਗੁਰਦਾਸਪੁਰ (ਜਨਕ ਮਹਾਜਨ)-ਨੇੜਲੇ ਪਿੰਡ ਮੀਰਪੁਰ ਵਿਖੇ ਚੋਰਾਂ ਵਲੋਂ ਇਕ ਘਰ ਵਿਚੋਂ ਸੋਨੇ ਦੇ ਗਹਿਣੇ ਚੋਰੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਸਦਰ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ ਵਿਚ ਬਲਜੀਤ ਕੌਰ ਪਤਨੀ ਬਲਵੀਰ ਸਿੰਘ ਵਾਸੀ ਮੀਰਪੁਰ ਨੇ ਦੱਸਿਆ ਕਿ ਉਹ 21-1-23 ਨੂੰ ਕਿਸੇ ਜ਼ਰੂਰੀ ਕੰਮ ਵਾਸਤੇ ਅੰਮ੍ਰਿਤਸਰ ਗਈ ਸੀ। ਜਦੋਂ 23 ਤਰੀਕ ਨੂੰ ਵਾਪਸ ਆਪਣੇ ਘਰ ਆਈ ਤਾਂ ਵੇਖਿਆ ਕਿ ਘਰ ਦੇ ਤਾਲੇ ਟੁੱਟੇ ਪਏ ਸਨ ਅਤੇ ਸਟੋਰ ਵਿਚ ਰੱਖੀ ਅਲਮਾਰੀ ਵਿਚੋਂ ਸੋਨੇ ਦੀਆਂ 2 ਮੁੰਦਰੀਆਂ ਵਜ਼ਨ ਲਗਭਗ 8 ਗ੍ਰਾਮ ਗਾਇਬ ਸਨ। ਥਾਣਾ ਸਦਰ ਗੁਰਦਾਸਪੁਰ ਨੇ ਪੀੜਤ ਔਰਤ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 9 ਮਿਤੀ 24-1-23 ਧਾਰਾ 457, 380 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਬਾਬਾ ਸਵਿੰਦਰ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ ਵਾਲੇ ਜਿਨ੍ਹਾਂ ਦੀ ਪਤਨੀ ਮਾਤਾ ਜਸਪਾਲ ਕੌਰ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ, ਨਾਲ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ ਅਤੇ ਧਾਰਮਿਕ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਦੁਖੀ ਪਰਿਵਾਰ ਨਾਲ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਸੰਤ ਬਾਬਾ ਗੁਰਭੇਜ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਹੋਲਗੜ੍ਹ ਸਾਹਿਬ, ਬਾਬਾ ਗੁਰਦੀਪ ਸਿੰਘ ਖੁਜਾਲਾ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਨਾਨਕ ਦੂਖ ਨਿਵਾਰਨ ਸਾਹਿਬ, ਬਾਬਾ ਸੁਖਵੰਤ ਸਿੰਘ ਚੰਨਣਕੇ, ਬਾਬਾ ਗੁਰਦੇਵ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਡੇਰਾ ਭਗਤਾਂ ਦਾ, ਬਾਬਾ ਸੁੱਖਾ ਸਿੰਘ ਗੁਰਦੁਆਰਾ ਜੋਤੀ ਸਰ ਜੰਡਿਆਲਾ, ਜਥੇਦਾਰ ਬਾਬਾ ਬੋਹੜ ਸਿੰਘ ਦਮਦਮੀ ਟਕਸਾਲ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਮਹਿਤਾ, ਬਾਬਾ ਨਵਤੇਜ ਸਿੰਘ ਚੇਲੇ ਆਣਾ, ਰਣਜੀਤ ਸਿੰਘ ਰਾਣਾ ਬਾਬੋਵਾਲ, ਬਾਬਾ ਰਾਜਾ ਬੁਲਾਰਾ ਅਤੇ ਹੋਰ ਕਈ ਆਗੂਆਂ ਨੇ ਹਮਦਰਦੀ ਪ੍ਰਗਟਾਈ।

ਪਲਾਟ ਨਾ ਮਿਲਣ ਤੋਂ ਦੁਖੀ ਮਜ਼ਦੂਰ ਪਰਵਾਰਾਂ ਵੱਲੋਂ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

ਮਹਿਲ ਕਲਾਂ, (ਬਲਵਿੰਦਰ ਸਿੰਘ ਵਜੀਦਕੇ,ਪ੍ਰਦੀਪ ਲੋਹਗੜ੍ਹ) : ਕਸਬਾ ਮਹਿਲ ਕਲਾਂ ਵਿਖੇ ਮਜ਼ਦੂਰ ਪਰਵਾਰਾਂ ਵੱਲੋਂ ਪਲਾਟ ਨਾ ਮਿਲਣ ਦੇ ਰੋਸ ਵਜੋਂ ਰੋਸ ਪ੍ਰਦਰਸ਼ਨ ਕਰਦਿਆਂ ਸੂਬਾ ਸਰਕਾਰ ਅਤੇ ਸਰਪੰਚ ਖਿਲਾਫ ਨਾਅਰੇਬਾਜ਼ੀ ਕੀਤੀ। ਮਜ਼ਦੂਰ ਪਰਵਾਰਾਂ ਦੇ ਆਗੂਆਂ ਚਮਕੌਰ ਸਿੰਘ, ਕੌਰ ਸਿੰਘ, ਰਾਜੂ ਸਿੰਘ, ਬੇਅੰਤ ਸਿੰਘ, ਬੱਗਾ ਸਿੰਘ, ਸੁਖਦੇਵ ਸਿੰਘ, ਵਿਸਾਖਾ ਸਿੰਘ, ਪੂਰਨ ਸਿੰਘ, ਜਸਬੀਰ ਕੌਰ, ਮਹਿੰਦਰ ਕੌਰ ਨੇ ਸਰਪੰਚ ਉੱਪਰ ਮਜ਼ਦੂਰਾਂ ਨਾਲ ਬੇਇਨਸਾਫੀ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਸਰਪੰਚ ਵੱਲੋਂ ਜੋ ਪਲਾਟ ਕੱਟੇ ਗਏ ਹਨ, ਉਨ੍ਹਾਂ ਵਿੱਚ ਸਾਡੇ ਪਰਵਾਰਾਂ ਦਾ ਕੋਈ ਨਾਂਅ ਦਰਜ ਨਹੀਂ ਹੈ। ਪਿਛਲੇ ਸਮੇਂ ਤੋਂ ਖਾਲੀ ਪਏ ਛੱਪੜ ਵਾਲੀ ਥਾਂ ਪਲਾਟ ਕੱਟ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਦੇ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਅਤੇ ਰੂੜੀਆਂ ਲਗਾਉਣ ਲਈ ਕੋਈ ਥਾਂ ਨਹੀਂ ਰਹੀ। ਉਨ੍ਹਾਂ ਮੰਗ ਕੀਤੀ ਕਿ ਸਾਡੇ ਪਰਵਾਰਾਂ ਨੂੰ ਵੀ ਰੂੜੀਆਂ ਲਗਾਉਣ ਲਈ ਲੋੜ ਅਨੁਸਾਰ ਥਾਂ ਅਲਾਟ ਕੀਤੀ ਜਾਵੇ, ਮਜ਼ਦੂਰਾਂ ਦਾ ਕਹਿਣਾ ਹੈ ਜੇਕਰ ਉਨ੍ਹਾਂ ਦੀ ਮੁਸ਼ਕਿਲ ਨਾ ਸੁਣੀ ਗਈ ਤਾਂ ਉਹ ਸੰਘਰਸ਼ ਤੇਜ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਭਾਕਿਯੂ ਉਗਰਾਹਾਂ ਦੇ ਆਗੂਆਂ ਅਜਮੇਰ ਸਿੰਘ ਭੱਠਲ, ਸੁਖਵਿੰਦਰਪਾਲ ਸਿੰਘ ਕਾਲਾ ਨੇ ਮਜ਼ਦੂਰਾਂ ਦੇ ਇਸ ਸੰਘਰਸ਼ ਨੂੰ ਡਟਵੀ ਹਮਾਇਤ ਦੇਣ ਦਾ ਐਲਾਨ ਕੀਤਾ। ਇਸ ਮੌਕੇ ਕਸ਼ਮੀਰ ਸਿੰਘ ਭੱਠਲ, ਅਜੈਬ ਸਿੰਘ, ਰੂਪ ਕੌਰ, ਗਰਮੀਤ ਕੌਰ, ਚਰਨਜੀਤ ਕੌਰ, ਬਲਜੀਤ ਕੌਰ, ਸੁਰਜੀਤ ਕੌਰ, ਅਮਰਜੀਤ ਸਿੰਘ, ਗੋਪਾਲ ਸਿੰਘ ਆਦਿ ਹਾਜ਼ਰ ਸਨ।

ਵਿਦਿਆਰਥੀਆਂ ਨੂੰ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) : ਦਾ ਸੁਪੀਰੀਅਰ ਵਰਲਡ ਸਕੂਲ, ਗੜ੍ਹੀ ਤਰਖਾਣਾ ਵਿਖੇ 'ਆਪਣਾ ਪੰਜਾਬ ਫਾਊਂਡੇਸ਼ਨ' ਅਧੀਨ ਸਕੂਲ ਦੇ ਪ੍ਰਿੰਸੀਪਲ ਰਸ਼ਮੀ ਸ਼ਰਮਾ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੂੰ ਪਤੰਗ ਉਡਾਉਣ ਲਈ ਵਰਤੀ ਜਾਂਦੀ ਚਾਇਨਾ ਡੋਰ ਦੇ ਨੁਕਸਾਨਾਂ ਅਤੇ ਇਸ ਦੀ ਵਰਤੋਂ ਨਾਲ ਹੋ ਰਹੇ ਹਾਦਸਿਆਂ ਬਾਰੇ ਜਾਗਰੂਕ ਕਰਵਾਇਆ ਗਿਆ। ਇਸ ਸੰਬੰਧੀ ਵਿਦਿਆਰਥੀਆਂ ਵੱਲੋਂ ਭਾਸ਼ਣ ਵੀ ਦਿੱਤੇ ਗਏ ਅਤੇ ਸਵੇਰ ਦੀ ਸਭਾ ਵਿਚ ਸਹੁੰ ਵੀ ਚੁੱਕੀ ਗਈ ਕਿ ਉਹ ਇਸ ਜਾਨਲੇਵਾ ਡੋਰ ਦੀ ਵਰਤੋਂ ਨਹੀਂ ਕਰਨਗੇ ਅਤੇ ਨਾ ਹੀ ਕਿਸੇ ਪਰਵਾਰਕ ਮੈਂਬਰ ਨੂੰ ਕਰਨ ਦੇਣਗੇ। ਇਸ ਵਿਸ਼ੇ ਦੇ ਸੰਬੰਧ 'ਚ ਵਿਦਿਆਰਥੀਆਂ ਵੱਲੋਂ ਚਾਇਨਾ ਡੋਰ ਦਾ ਵਿਰੋਧ ਕਰਦੇ ਹੋਏ ਕਈ ਤਰ੍ਹਾਂ ਦੇ ਚਾਰਟ, ਸਲੋਗਨ ਤਿਆਰ ਕੀਤੇ ਗਏ।

ਇਸ ਮੌਕੇ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਵੀ ਚਾਇਨਾ ਡੋਰ ਦੇ ਨੁਕਸਾਨ ਦੱਸੇ ਅਤੇ ਬੱਚਿਆਂ ਨੂੰ ਕਿਹਾ ਕਿ ਜੇਕਰ ਕੋਈ ਚਾਇਨਾ ਡੋਰ ਵੇਚਦਾ ਹੈ ਤਾਂ ਸਾਨੂੰ ਤੁਰੰਤ ਪੁਲਸ ਨੂੰ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਬਚ ਸਕਣ।

ਇਸ ਮੌਕੇ ਭਜਨ ਕੌਰ, ਤਰਵਿੰਦਰ ਸਿੰਘ, ਉਰਵਸ਼ੀ ਰਾਣੀ, ਪ੍ਰੀਤੀ ਪਦਮ, ਪਰਦੀਪ ਕੌਰ, ਪਵਨਪ੍ਰੀਤ ਕੌਰ, ਪਵਨਦੀਪ ਕੌਰ, ਗਗਨਪ੍ਰੀਤ ਕੌਰ, ਆਲੀਆ ਪ੍ਰਵੀਨ, ਅਮਨਦੀਪ ਕੌਰ, ਕਿਰਨਦੀਪ ਕੌਰ, ਸਰੁਚੀ, ਨੇਹਾ ਸ਼ਰਮਾ, ਵਰਸ਼ਾ, ਬੇਅੰਤ, ਰਮਨਦੀਪ ਕੌਰ, ਨੀਤੂ, ਮਨਪ੍ਰੀਤ ਕੌਰ, ਰੁਪਿੰਦਰ ਕੌਰ ਹਾਜ਼ਰ ਸਨ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਵਿਜੈ ਕੁਮਾਰ ਆਹੀਰ
ਨਾਇਬ ਤਹਿਸੀਲਦਾਰ-ਕਮ-ਜੁਆਇੰਟ ਸਬ-ਰਜਿਸਟਰਾਰ ਕਰਤਾਰਪੁਰ।

ਵਿਸ਼ਾ-ਵਸੀਅਤ ਅਧੀਨ ਧਾਰਾ 40 ਰਜਿਸਟਰਡ ਕਰਨ ਬਾਰੇ

ਦਰਖਾਸਤ ਵੱਲੋਂ ਅਮਨਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਅੰਬਗੜ੍ਹ, ਜ਼ਿਲ੍ਹਾ ਜਲੰਧਰ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਅਮਨਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਅੰਬਗੜ੍ਹ, ਜ਼ਿਲ੍ਹਾ ਜਲੰਧਰ ਨੇ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਦਰਖਾਸਤ ਦਿੱਤੀ ਹੈ ਕਿ ਉਸ ਦੇ ਪਿਤਾ ਸ਼ਿੰਗਾਰਾ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਅੰਬਗੜ੍ਹ ਦੀ ਮੌਤ ਮਿਤੀ 8-1-2023 ਨੂੰ ਹੋ ਚੁੱਕੀ ਹੈ। ਉਹਨਾਂ ਨੇ ਆਪਣੇ ਜਿਊਂਦੇ ਜੀ ਇਕ ਅਣਰਜਿਸਟਰਡ ਵਸੀਅਤ ਮਿਤੀ 15-12-2022 ਨੂੰ ਆਪਣੇ ਪੁੱਤਰ ਅਮਨਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਦੇ ਹੱਕ ਵਿੱਚ ਕੀਤੀ ਹੈ। ਇਸ ਦਰਖਾਸਤ ਰਾਹੀਂ ਉਸ ਨੇ ਇਹ ਅਣ-ਰਜਿਸਟਰਡ ਵਸੀਅਤ ਅਧੀਨ ਧਾਰਾ 40 ਰਜਿਸਟਰਾਡ ਕਰਨ ਦੀ ਬੇਨਤੀ ਕੀਤੀ ਹੈ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਇਸ ਅਖਬਾਰ ਇਸ਼ਤਿਹਾਰ ਰਾਹੀਂ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਹ ਵਸੀਅਤ ਰਜਿਸਟਰਡ ਕਰਨ ਵਿੱਚ ਇਤਰਾਜ਼ ਹੋਵੇ ਤਾਂ ਉਹ ਇਹ ਨੋਟਿਸ ਜਾਰੀ ਹੋਣ 'ਤੇ 15 ਦਿਨਾਂ ਦੇ ਅੰਦਰ ਅਸਾਲਤਨ, ਵਕਾਲਤਨ ਜਾਂ ਬਜਰੀਆ ਮੁਖਤਿਆਰ ਹਾਜ਼ਰ ਅਦਾਲਤ ਆ ਕੇ ਆਪਣਾ ਉਜ਼ਰ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿਥੀ ਮਿਤੀ 'ਤੇ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਬਣਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/-ਜੁਆਇੰਟ ਸਬ-ਰਜਿਸਟਰਾਰ,
ਕਰਤਾਰਪੁਰ

ਨੰਬਰ 40 ਰੀਡਰ, ਮਿਤੀ 23-1-2023

Court Notice

In the Court of Sh. Parinder Singh
Addl. Chief Judicial Magistrate,
Jalandhar.
CIS CASE No. COMA/165/2022
CNR No. PBJL03-016914-2022
Next Date : 13.3.2023
Jagpal Kaur
Versus
Gurwinder Singh

Publication issued to : 1. Gurwinder Singh S/o Sh. Kewal Singh 2. Kewal Singh S/o Sh. Dharam Singh 3. Satya Kaur W/o Kewal Singh all R/o Vill. Randhawa Barota, Tehsil and Distt. Hoshiarpur.

In above titled case, the accused could not be served. It is ordered that accused should appear in person or through counsel on 13.3.2023 at 10.00 a.m.

For details logon to : https://highcourtchd.gov.in/?trs=district notice&district=Jalandhar

Addl. Chief Judicial Magistrate, Jalandhar.
Dated, this day of 23.1.2023

Court Notice

In the Court of Ms. Jasleen Narang
Judicial Magistrate-Ist Class,
Ludhiana.
CNR No. PBLD03-054529-2018
Next Date : 24.2.2023
M/S Pahwa Hosiery Works
Versus
M/S Ahuja Gift House

Publication issued to : 1. Ahuja Gift House 2. Davinder Singh 3. Harinder Singh Railway Road, Dr. Chanda Singh Marg, Kotkapura, Distt. Faridkot.

In above titled case, the accused could not be served. It is ordered that accused should appear in person or through counsel on 24.2.2023 at 10.00 a.m.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.
Dated, this day of 20.1.2023

Court Notice

In the Court of Ms. Jasleen Narang
Judicial Magistrate-Ist Class,
Ludhiana.
CNR No. PBLD03-054260-2018
Next Date : 24.2.2023
M/S Pahwa Hosiery Works
Versus
M/S Ahuja Gift House

Publication issued to : 1. Ahuja Gift House 2. Davinder Singh 3. Harinder Singh Railway Road, Dr. Chanda Singh Marg, Kotkapura, Distt. Faridkot.

In above titled case, the accused could not be served. It is ordered that accused should appear in person or through counsel on 24.2.2023 at 10.00 a.m.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.
Dated, this day of 20.1.2023

Court Notice

In the Court of Ms. Divya Sharma
Judicial Magistrate-Ist Class,
Ludhiana.

Next Date, Purpose of Case, Orders and Judgments as well as other case information is available on http://ecourts.gov.in
CNR No. PBLD03-072046-2018
Dated :1.3.2023
Sanjay Sood
Versus
Neetan Goyal

Publication issued to : Neetan Goyal Address : R/o Plat No. 207, Windsor Apartment Barewal Road, Ludhiana.

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before the court on 1.3.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

ਕਲਾਸੀਫਾਈਡ ਇਸ਼ਤਿਹਾਰ

Public Notice

I, Sulakhan Singh Naal S/o Kapoor Singh R/o Vill. Jandiali, P.O. Jamsher Khas, Distt. Jalandhar, Punjab, India, declare that I am known by all these names Sulakhan Singh Naal and Makhan Singh Naal. Sulakhan Singh Naal and Makhan Singh Naal is one and the same person. Please note.
(Sandhu Adv.)

I, Dilshad Ahmed S/o Allahbanda R/o H.No.208, Diyal Nagar, Jalandhar-144002, Punjab declare that my Daughter Shahbaz is out of my control. I disowned and disinherit her from my movable and immovable properties. I and my family members shall not be held responsible for any kind of act, deed & dealings related to her. All Please Note.

I, Kanchan Sood W/o Sanket Sood R/o H.No. B/28/29, N.L-99, Mohalla Mohindru, Jalandhar, Punjab declare that Sanket Sood is my real Husband That my husband all document name is as Sanket Sood but his Passport and Spain and Indian document his name written as Sanket. That please changed my husband name in his passport and spain and Indian document Sanket to Sanket Sood. All Please Note.

I, Daropati Devi W/o Ram Asra R/o H.No. 54, Jaimal Nagar, Jalandhar, declare that my son Santosh Kumar & his wife Neeru they are out of my control. I disinherit them from my movable and immovable properties. I and my family members shall not be held responsible for any kind of dealings done with them. All please note.

ਗੁੰਮ ਦੀ ਭਾਲ

ਮੈਂ, ਰਾਜੀਵ ਮਹਾਜਨ ਪੁੱਤਰ ਕੁੰਦਨ ਲਾਲ ਵਾਸੀ ਮਕਾਨ ਨੰ. 33/34, ਸ਼ਾਂਤ ਵਿਹਾਰ, ਖਾਨਪੁਰ, ਪਠਾਨਕੋਟ-145001, ਸੂਚਿਤ ਕੀਤਾ ਜਾਂਦਾ ਹੈ ਕਿ ਮੇਰੀਆਂ ਦੋ ਅਸਲੀ ਰਜਿਸਟਰੀਆਂ, ਜੋ ਕਿ ਜੋਗਿੰਦਰ ਪਾਲ ਸਪੁੱਤਰ ਸ੍ਰੀ ਖਰੈਤੀ ਲਾਲ ਮਿਤੀ 22/02/1999, ਵਸੀਕਾ ਨੰ. 5661 ਅਤੇ ਵਸੀਕਾ ਨੰ. 1578 ਮਿਤੀ 23/06/1999 ਮੁੱਖ ਬਜ਼ਾਰ ਪਠਾਨਕੋਟ ਵਿਖੇ ਗੁੰਮ ਹੋ ਗਈਆਂ ਹਨ। ਜੇਕਰ ਕਿਸੇ ਨੂੰ ਮਿਲਣ ਤਾਂ ਉਹ ਨੰਬਰ 98888-14988 ਅਤੇ 93609-00007 'ਤੇ ਸੰਪਰਕ ਕਰਨ। (ਡੋਗਰਾ)

ਆਮ ਸੂਚਨਾ

ਸਤਨਾਮ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਸਰਾਏ ਦੇ ਨਾਮ ਤੇ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP74/1853 ਜੋ ਕਿ ਹਰਪਾਲ ਸਿੰਘ ਪੁੱਤਰ ਸ਼ੁੱਚਾ ਸਿੰਘ ਵਾਸੀ ਸਰਾਏ ਆਪਣੇ ਨਾਮ ਕਰਵਾ ਰਿਹਾ ਹੈ । ਜੇ ਕਿਸੇ ਨੂੰ ਇਤਰਾਜ਼ ਹੋਵੇ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਲੋਟ ਸ਼ੁੱਚਾ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਸਰਾਏ ਦੇ ਨਾਮ ਤੇ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP74/1854 ਜੋ ਕਿ ਮਨਪ੍ਰੀਤ ਸਿੰਘ ਪੁੱਤਰ ਸ਼ੁੱਚਾ ਸਿੰਘ ਵਾਸੀ ਸਰਾਏ ਆਪਣੇ ਨਾਮ ਕਰਵਾ ਰਿਹਾ ਹੈ । ਜੇ ਕਿਸੇ ਨੂੰ ਇਤਰਾਜ਼ ਹੋਵੇ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਟਿਊਬਵੈਲ ਕੁਨੈਕਸਨ ਲੇਖਾ ਨੰਬਰ ਬੀ. ਪੀ. 146 ਵਾਕਿਆ ਰਕਬਾ ਬਹਿਕ ਪਛਾੜੀਆਂ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜਪੁਰ ਵਿਖੇ ਲਗਾ ਹੋਇਆ ਹੈ। ਜੋ ਕਿ ਪਾਸੋ ਮਹਿਦਰ ਕੌਰ ਪਤਨੀ ਹਰਨਾਮ ਸਿੰਘ ਤੋਂ ਬਦਲ ਕੇ ਕੰਵਰ ਅਮੀਤੋਜ ਸਿੰਘ ਪੁੱਤਰ ਫੁਰਮਾਨ ਸਿੰਘ ਦੇ ਨਾਮ ਪਰ ਹੋਣ ਜਾ ਰਿਹਾ ਹੈ। ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ 15 ਦਿਨਾਂ ਦੇ ਅੰਦਰ ਅੰਦਰ ਸੂਚਿਤ ਕਰੇ ਬਾਅਦ ਵਿਚ ਕੋਈ ਸੁਣਵਾਈ ਨਹੀਂ ਹੋਵੇਗੀ। ਐੱਸ ਡੀ ਓ, ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ ਸਬ ਡਵੀਜਨ ਮੱਖੂ

ਅਸੀਂ, ਸ਼ਰਨਜੀਤ ਕੌਰ ਪਤਨੀ ਸ੍ਰੀ ਮੁਕੇਸ਼ ਕੁਮਾਰ ਅਤੇ ਮੁਕੇਸ਼ ਕੁਮਾਰ ਵਾਸੀਆਨ ਢੀਂਗਰਾ ਕਾਲੋਨੀ, ਗੰਗੋਸਾਬਾਦ, ਰਾਮ ਤੀਰਥ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਗੁਰਵਿੰਦਰ ਸਿੰਘ ਉਰਫ ਗੰਰੀ, ਹਰਪ੍ਰੀਤ ਸਿੰਘ ਉਰਫ ਹੈਪੀ, ਰਾਜਬੀਰ ਸਿੰਘ ਉਰਫ ਰਾਜਾ, ਜੋ ਸਾਡੇ ਨਜ਼ਦੀਕੀ ਰਿਸ਼ਤੇਦਾਰ ਹਨ। ਇਨ੍ਹਾਂ ਨਾਲ ਸਾਡਾ ਕੋਈ ਤਾਲੁਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਬੇਦਖਲੀ ਨੋਟਿਸ

ਅਸੀਂ, ਬਲਵਾਨ ਸਿੰਘ ਪੁੱਤਰ ਗੰਧਰਵ ਸਿੰਘ ਅਤੇ ਪ੍ਰਵੀਨ ਸੀਨ ਪਤਨੀ ਬਲਵਾਨ ਸਿੰਘ ਵਾਸੀ ਵਾਰਡ ਨੰ. 01, ਆਦਰਸ਼ ਨਗਰ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ। ਸਾਡਾ ਲੜਕਾ ਰਾਜੇਸ਼ ਸੀਨ, ਜੋ ਸਾਰੇ ਅਤੇ ਸਾਡੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ, ਸੱਤਿਆ ਦੇਵੀ ਵਿਧਵਾ ਪੂਰਨ ਸਿੰਘ ਵਾਸੀ ਵਾਰਡ ਨੰ. 01, ਆਦਰਸ਼ ਨਗਰ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ। ਮੇਰਾ ਲੜਕਾ ਦੀਪਕ ਸੀਨ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ

26-JAN-PAGE-7.qxd 1/25/2023 10:35 PM Page 1

ਜੀਂਦ ਮਹਾਂ ਰੈਲੀ ਦੀ ਤਿਆਰੀ ਲਈ ਬਲਾਕ ਪੱਧਰੀ ਕਿਸਾਨ ਕਾਨਫਰੰਸ

ਮੋਗਾ (ਅਮਰਜੀਤ ਬੱਬਰੀ)- ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਜੀਂਦ ਮਹਾਂ ਰੈਲੀ ਦੀ ਤਿਆਰੀ ਲਈ ਬਲਾਕ ਪੱਧਰੀ ਕਾਨਫਰੰਸ ਬਲਾਕ ਜਨਰਲ ਸਕੱਤਰ ਨਛੱਤਰ ਸਿੰਘ ਹੇਰ ਦੀ ਅਗਵਾਈ ਹੇਠ ਕੋਕਰੀ ਕਲਾਂ ਵਿਖੇ ਕੀਤੀ ਗਈ। ਇਸ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ।

ਸ੍ਰੀ ਕੋਕਰੀ ਕਲਾਂ ਨੇ ਕਿਹਾ ਕਿ ਅੰਦੋਲਨ ਮੁਲਤਵੀ ਕਰਨ ਸਮੇਂ ਕੇਂਦਰ ਸਰਕਾਰ ਵੱਲੋਂ ਲਿਖਤੀ ਰੂਪ ਵਿੱਚ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲਾ ਵੱਟਿਆ ਗਿਆ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਫਿਰਕਾਪ੍ਰਸਤੀ ਮੁੱਦੇ ਉਭਾਰ ਕੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਕੇਂਦਰ ਸਰਕਾਰ ਕਿਸਾਨਾਂ ਦੀਆਂ ਭਖਦੀਆਂ ਤੇ ਜਾਇਜ਼ ਮੰਗਾਂ ਫਿਰਕਾਪ੍ਰਸਤੀ ਦੀ ਅੱਗ ਵਿੱਚ ਝੋਕ ਕੇ ਸੁਰਖਰੂ ਹੋਣਾ ਚਾਹੁੰਦੀ ਹੈ। ਅਜਿਹੀਆਂ ਸਾਜ਼ਿਸ਼ੀ ਚਾਲਾਂ ਨੂੰ ਪਛਾੜਨ ਲਈ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪ੍ਰਵਾਰਾਂ ਸਮੇਤ ਜੀਂਦ ਪਹੁੰਚਣ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ 6 ਸੂਬਿਆਂ ਦੇ ਕਿਸਾਨਾਂ ਮਜ਼ਦੂਰਾਂ ਦੀ ਇਹ ਮਹਾਂ ਰੈਲੀ ਕਿਸਾਨਾਂ ਮਜ਼ਦੂਰਾਂ ਦੇ ਭਖਦੇ ਮਸਲੇ ਹੱਲ ਕਰਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਮੋਦੀ ਸਰਕਾਰ ਵਿਰੁੱਧ ਦੇਸ ਭਰ ਵਿੱਚ ਕੀਤੇ ਜਾ ਰਹੇ ਜੁਝਾਰੂ ਪ੍ਰਦਰਸ਼ਨਾਂ ਦੇ ਅੰਗ ਵਜੋਂ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਜੀਂਦ ਵਿਖੇ 26 ਜਨਵਰੀ ਨੂੰ ਕੀਤੀ ਜਾ ਰਹੀ ਹੈ। ਭਖਦੇ ਮਸਲਿਆਂ ਵਿੱਚ ਮੰਨੀਆਂ ਮੰਗਾਂ ਜਿਵੇਂ ਸਾਰੀਆਂ ਫਸਲਾਂ ਦੇ 2+50/ਫਾਰਮੂਲੇ ਅਨੁਸਾਰ ਮਿਥ ਕੇ ਮੁਕੰਮਲ ਖਰੀਦ ਦੀ ਕਾਨੂੰਨੀ ਗਰੰਟੀ, ਲਖੀਮਪੁਰ ਖੀਰੀ ਕਾਂਡ ਦੇ ਦੋਸੀਆਂ ਨੂੰ ਸਖਤ ਸਜ਼ਾਵਾਂ ਤੇ ਝੂਠੇ ਕੇਸਾਂ ਵਿੱਚ ਅੰਦਰ ਕੀਤੇ ਕਿਸਾਨਾਂ ਦੀ ਰਿਹਾਈ, ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦੇਣਾ, ਅੰਦੋਲਨ ਦੌਰਾਨ ਪਾਏ ਪਰਚੇ ਰੱਦ ਕਰਾਉਣੇ , ਬਿਜਲੀ ਬਿੱਲ 2020 ਲਾਗੂ ਕਰਨ ਤੋਂ ਰੋਕਣਾ, ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, 60 ਸਾਲ ਦੀ ਉਮਰ ਹੋਣ 'ਤੇ 10000 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਤੇ ਸਰਕਾਰੀ ਖਰਚੇ 'ਤੇ ਫ਼ਸਲੀ ਬੀਮਾ ਲਾਗੂ ਕਰਾਉਣ ਵਰਗੀਆਂ ਭਖਦੀਆਂ ਮੰਗਾਂ ਸਾਮਲ ਹਨ।

ਬਲਾਕ ਸਕੱਤਰ ਜਗਜੀਤ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਤਰਸੇਮ ਸਿੰਘ ਉਰਫ ਸੇਮਾ ਵਲੋਂ ਝੂਠੇ ਦਸਤਾਵੇਜ਼ਾਂ ਜ਼ਰੀਏ ਅਦਾਲਤੀ ਫੈਸਲੇ ਦੇ ਜ਼ੋਰ 'ਤੇ ਭਗਵਾਨ ਸਿੰਘ ਦੇ ਘਰ ਉੱਤੇ ਜਬਰੀ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਜਾਰੀ ਹਨ, ਜਿਸ ਦਾ ਜਥੇਬੰਦੀ ਵੱਲੋਂ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਿਸੇ ਵੀ ਕੀਮਤ 'ਤੇ ਪਾਕਿਸਤਾਨ ਤੋਂ ਉੱਜੜ ਕੇ ਆਏ ਇਸ ਪਰਵਾਰ ਨੂੰ ਦੁਬਾਰਾ ਨਹੀਂ ਉਜਾੜਨ ਦਿੱਤਾ ਜਾਵੇਗਾ। ਅਖੀਰ ਵਿੱਚ ਨਛੱਤਰ ਸਿੰਘ ਹੇਰ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਜੀਂਦ ਮਹਾਂ ਰੈਲੀ ਵਿੱਚ ਵਧ-ਚੜ੍ਹ ਕੇ ਜਾਣ ਲਈ ਕਿਹਾ, ਜਿਸ ਦਾ ਸਾਰਿਆਂ ਨੇ ਹੱਥ ਖੜੇ ਕਰਕੇ ਵਿਸ਼ਵਾਸ ਦਿਵਾਇਆ। ਇਸ ਸਮੇਂ ਕ੍ਰਾਂਤੀ ਕਲਾ ਮੰਚ ਮੋਗਾ ਦੀ ਨਾਟਕ ਟੀਮ ਨੇ ਇਨਕਲਾਬੀ ਨਾਟਕ ਰਾਹੀਂ ਲੋਕਾਂ ਨੂੰ ਨਸ਼ਿਆਂ ਦੀ ਮਹਾਂਮਾਰੀ ਵਿਰੁੱਧ ਜਾਗ੍ਰਿਤ ਕੀਤਾ।

ਕਿਸਾਨਾਂ ਨੂੰ ਖੇਤੀਬਾੜੀ ਦਾ ਲੇਖਾ-ਜੋਖਾ ਰੱਖਣ ਲਈ ਕਿਹਾ

ਸਮਰਾਲਾ, (ਸੁਰਜੀਤ ਸਿੰਘ) ਕ੍ਰਿਸ਼ੀ ਵਿਗਿਆਨ ਕੇਂਦਰ ਵਿੱਚ ਡਾ. ਅਸ਼ੋਕ ਕੁਮਾਰ, ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਵਿਗਿਆਨਕ ਸਲਾਹਕਾਰ ਮੀਟਿੰਗ ਕਰਾਈ ਗਈ। ਡਾ. ਗੁਰਜਿੰਦਰ ਪਾਲ ਸਿੰਘ, ਸੋਢੀ, ਵਧੀਕ ਨਿਰਦੇਸ਼ਕ, ਪਸਾਰ ਸਿੱਖਿਆ ਤੇ ਡਾ. ਗੁਰਸਾਹਿਬ ਸਿੰਘ, ਵਧੀਕ ਨਿਰਦੇਸ਼ਕ ਖੋਜ (ਫਾਰਮ ਮੈਕਨਾਜੇਸ਼ਨ ਐਂਡ ਬਾਇਓ ਐਨਰਜੀ) ਨੇ ਮੀਟਿੰਗ ਦੀ ਅਗਵਾਈ ਕੀਤੀ ਅਤੇ ਇਸ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਅਗਾਂਹ ਵਧੂ ਕਿਸਾਨ ਤੇ ਕਿਸਾਨ ਬੀਬੀਆਂ ਵੱਲੋਂ ਭਾਗ ਲਿਆ ਗਿਆ। ਇਸ ਮੀਟਿੰਗ ਦੌਰਾਨ ਡਾ. ਅਸ਼ੋਕ ਕੁਮਾਰ ਨੇ ਕਿਸਾਨਾਂ ਨੂੰ ਐਫ ਪੀ ਓਜ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਦਿੱਤਾ ਅਤੇ ਕਿਸਾਨਾਂ ਨੂੰ ਖੇਤੀਬਾੜੀ ਦਾ ਲੇਖਾ ਜੋਖਾ ਰੱਖਣ ਨੂੰ ਕਿਹਾ ਤਾਂ ਜੁ ਖੇਤੀ ਲਾਗਤ ਨੂੰ ਘਟਾਇਆ ਜਾ ਸਕੇ। ਡਾ. ਜੀ ਪੀ ਐਸ ਸੋਢੀ ਨੇ ਕ੍ਰਿਸੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਨੂੰ ਖੇਤਾਂ ਦਾ ਸਰਵੇਖਣ ਕਰਨ ਨੂੰ ਕਿਹਾ ਤਾਂ ਜੁ ਕਿਸਾਨਾਂ ਦੀਆਂ ਫ਼ਸਲਾਂ ਸੰਬੰਧੀ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕੇ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕੇ.ਵੀ.ਕੇ. ਦੇ ਇੰਜੀ. ਕਰੁਨ ਸ਼ਰਮਾ ਨੇ ਵਿਗਿਆਨਕ ਸਲਾਹਕਾਰ ਕਮੇਟੀ ਦੇ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਕੇ.ਵੀ.ਕੇ. ਦੀਆਂ ਸਲਾਨਾ ਗਤੀਵਿਧੀਆਂ ਬਾਰੇ ਦੱਸਿਆ। ਡਾ. ਜਗਦੀਪ ਕੌਰ ਦੁਆਰਾ ਕੇ.ਵੀ.ਕੇ. ਵੱਲੋਂ ਸਾਲ 2023-24 ਦੌਰਾਨ ਦਿੱਤੇ ਜਾਣ ਵਾਲੇ ਸਿਖਲਾਈ ਕੋਰਸਾਂ ਦਾ ਖਾਕਾ ਪੇਸ਼ ਕੀਤਾ ਗਿਆ। ਇਨ੍ਹਾਂ ਸਿਖਲਾਈ ਕੋਰਸਾਂ ਵਿੱਚ ਹੋਰ ਸੁਧਾਰ ਲਈ ਵੀ ਸੁਝਾਅ ਮੰਗੇ ਗਏ। ਸਾਰੇ ਅਧਿਕਾਰੀਆਂ ਵੱਲੋਂ ਕੇ.ਵੀ.ਕੇ. ਵਿਖੇ ਅਗਾਂਹਵਧੂ ਕਿਸਾਨਾਂ ਵੱਲੋਂ ਲਾਏ ਗਏ ਸਟਾਲਾਂ, ਕੇ.ਵੀ.ਕੇ ਦੇ ਤਕਨੀਕੀ ਪਾਰਕ, ਸੀਡ ਫਾਰਮ ਅਤੇ ਹੋਰ ਤਕਨੀਕੀ ਯੂਨਿਟਾਂ ਦਾ ਦੌਰਾ ਕੀਤਾ ਗਿਆ। ਅੰਤ ਵਿੱਚ ਡਾ. ਹਰਸ਼ਨੀਤ ਸਿੰਘ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਪੱਕੇ ਮੋਰਚੇ 'ਚ ਸ਼ਾਮਲ ਹੋਣ ਲਈ ਮਾਛੀਵਾੜਾ ਤੋਂ ਜਥਾ ਰਵਾਨਾ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਬੰਦੀ ਸਿੰਘਾਂ ਦੀ ਰਿਹਾਈ ਲਈ ਮੋਹਾਲੀ ਵਿਖੇ ਪੰਥਕ ਜਥੇਬੰਦੀਆਂ ਵਲੋਂ ਲਾਏ ਗਏ ਪੱਕੇ ਮੋਰਚੇ ਵਿਚ ਸ਼ਮੂਲੀਅਤ ਕਰਨ ਲਈ ਜੱਥਾ ਰਵਾਨਾ ਹੋਇਆ। ਕਿਸਾਨ ਆਗੂ ਜਥੇਦਾਰ ਮਨਮੋਹਣ ਸਿੰਘ ਖੇੜਾ ਦੀ ਅਗਵਾਈ ਹੇਠ ਰਵਾਨਾ ਹੋਏ ਜੱਥੇ ਵਿੱਚ ਆਸ-ਪਾਸ ਪਿੰਡਾਂ ਦੇ ਪੰਥਕ ਸੋਚ ਰੱਖਣ ਵਾਲੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਜਥੇਦਾਰ ਖੇੜਾ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਕੌਮ ਨਾਲ ਵਿਤਕਰਾ ਕਰ ਰਹੀ ਹੈ, ਕਿਉਂਕਿ ਬਲਾਤਕਾਰ ਤੇ ਕਤਲ ਦੇ ਦੋਸ਼ਾਂ ਦੀ ਜੇਲ੍ਹ ਅੰਦਰ ਸ਼ਜਾ ਭੁਗਤ ਰਹੇ ਡੇਰਾ ਮੁਖੀ ਨੂੰ ਕੁਝ ਹੀ ਦਿਨਾਂ ਬਾਅਦ ਪੈਰੋਲ 'ਤੇ ਰਿਹਾਅ ਕਰ ਦਿੰਦੀ ਹੈ, ਜਦਕਿ ਪੰਥ ਦੀ ਚੜ੍ਹਦੀ ਕਲਾ ਲਈ ਜੇਲ੍ਹਾਂ 'ਚ ਬੰਦ ਸਜ਼ਾ ਪੂਰੀ ਕਰ ਚੁੱਕੇ ਸਿੱਖ ਆਗੂਆਂ ਨੂੰ ਰਿਹਾਅ ਨਹੀਂ ਕਰ ਰਹੀ। ਜਥੇਦਾਰ ਖੇੜਾ ਨੇ ਕਿਹਾ ਕਿ ਅੱਜ ਜ਼ਰੂਰਤ ਹੈ ਕਿ ਸਮੂਹ ਸਿੱਖ ਸੰਸਥਾਵਾਂ, ਜਥੇਬੰਦੀਆਂ ਇੱਕਜੁਟ ਹੋ ਕੇ ਇਸ ਪੱਕੇ ਮੋਰਚੇ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਤਾਂ ਜੁ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਸਰਕਾਰ ਮਜ਼ਬੂਰ ਹੋ ਜਾਣ। ਇਸ ਮੌਕੇ ਮਨਰਾਜ ਸਿੰਘ ਲੁਬਾਣਗੜ੍ਹ, ਭੁਪਿੰਦਰ ਸਿੰਘ ਹਿਆਤਪੁਰ, ਪਰਮਜੀਤ ਸਿੰਘ ਚੀਮਾ, ਪਰਜੀਤ ਸਿੰਘ ਬੈਨੀਪਾਲ, ਬਹਾਦਰ ਸਿੰਘ ਜੋਧਵਾਲ, ਰਣਧੀਰ ਸਿੰਘ ਸੈਣੀ, ਮਨਜੀਤ ਸਿੰਘ ਰਾਮਗੜ੍ਹ, ਬਲਵਿੰਦਰ ਸਿੰਘ ਕਾਲਾ, ਪੰਚ ਗੁਰਦੀਪ ਸਿੰਘ ਲੁਬਾਣਗੜ੍ਹ, ਸੁਖਜੀਤ ਸਿੰਘ ਹੇਡੋਂ, ਦਰਸ਼ਨ ਸਿੰਘ ਬੁੱਲੇਵਾਲ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਜੀਤੀ ਪਹਿਲਵਾਨ, ਦਰਸ਼ਪ੍ਰੀਤ ਸਿੰਘ, ਨਿਰਮਲ ਸਿੰਘ, ਨਿੰਮਾ ਝਾੜ ਸਾਹਿਬ, ਬਚਨ ਸਿੰਘ, ਕਰਮਜੀਤ ਸਿੰਘ ਮਾਂਗਟ, ਬਲਵਿੰਦਰ ਸਿੰਘ ਵੀ ਮੌਜੂਦ ਸਨ।

ਕਾਤਰਾਂ

ਅੱਖਾਂ ਦੇ ਕੈਂਪ 'ਚ 250 ਮਰੀਜ਼ਾਂ ਦੀ ਜਾਂਚ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਇਤਿਹਾਸਕ ਗੁਰਦੁਆਰਾ ਸਿੰਘਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਐੱਨ ਆਰ ਆਈ, ਗ੍ਰਾਮ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਫਾਈ ਸੇਵਾ ਕਲੱਬ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਕੈਂਪ ਲਾਇਆ ਗਿਆ। ਇਸ ਮੌਕੇ ਅੱਖਾਂ ਦੇ ਮਾਹਿਰ ਡਾਕਟਰ ਗੁਰਪਾਲ ਸਿੰਘ ਪੰਜਾਬ ਅੱਖਾਂ ਦਾ ਹਸਪਤਾਲ ਬਰਨਾਲਾ ਦੀ ਟੀਮ ਨੇ 250 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ 26 ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਲੈਂਜ ਪਾਉਣ ਲਈ ਰੈਫਰ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਮਰੀਜ਼ਾਂ ਨੂੰ ਐਨਕਾਂ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਕੈਂਪ ਦੀ ਸਫ਼ਲਤਾ ਲਈ ਡਾ. ਜਗਰਾਜ ਸਿੰਘ, ਮੋਹਣ ਸਿੰਘ ਮੋਗਾ, ਜਗਜੀਤ ਸਿੰਘ ਰਾਜੂ, ਪਵਨ ਕੁਮਾਰ ਲੋਹਗੜ੍ਹ, ਨਾਜ਼ਰ ਸਿੰਘ ਪ੍ਰਧਾਨ, ਬਲਵਿੰਦਰ ਸਿੰਘ, ਜਗਰਾਜ ਸਿੰਘ, ਹਰਜੰਟ ਸਿੰਘ, ਮਨਜੀਤ ਸਿੰਘ ਮੋਗਾ, ਬਿੰਦਰ ਸਿੰਘ ਮੋਗਾ, ਗੁਰਪ੍ਰੀਤ ਸਿੰਘ, ਸਰਪੰਚ ਸਰਬਜੀਤ ਕੌਰ, ਉਜਾਗਰ ਸਿੰਘ, ਮਨਜੀਤ ਸਿੰਘ ਪੰਚ, ਬਲਵੰਤ ਸਿੰਘ ਪੰਚ, ਹਰਨੇਕ ਸਿੰਘ, ਰਣਧੀਰ ਸਿੰਘ ਧੀਰਾ, ਡਾ. ਸੇਵਕ ਸਿੰਘ, ਸੰਤੋਖ ਸਿੰਘ, ਮਾ: ਵਰਿੰਦਰ ਵਿੱਕੀ, ਹਰਪ੍ਰੀਤ ਸਿੰਘ, ਮੁਸਤਾਕ, ਗੁਰਦੀਪ ਸਿੰਘ ਦੀਪਾ, ਜਗਜੀਤ ਸਿੰਘ ਰਾਜੂ, ਹਰਦੇਵ ਸਿੰਘ ਪੰਡੋਰੀ, ਬਿਮਲ ਸਿੰਘ ਸੰਧੂ, ਕੁਲਵੰਤ ਸਿੰਘ ਭੱਠਲ, ਭਿੰਦਰ ਸਿੰਘ ਕੁਰੜ, ਲਖਦੀਪ ਸਿੰਘ ਠੁੱਲੀਵਾਲ, ਹਰਦੀਪ ਸਿੰਘ ਸੰਘੇੜਾ, ਕੁਲਵੰਤ ਸਿੰਘ ਤੇ ਅਮਨਾ ਸਿੰਘ ਨੇ ਅਹਿਮ ਯੋਗਦਾਨ ਦਿੱਤਾ।

ਸੀ ਆਈ ਏ ਸਟਾਫ ਵੱਲੋਂ ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੀ ਅਗਵਾਈ 'ਚ ਜ਼ਿਲ੍ਹੇ ਭਰ ਵਿੱਚ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਸੀ.ਆਈ.ਏ. ਸਟਾਫ ਸਰਹਿੰਦ ਦੇ ਇੰਚਾਰਜ ਇੰਸਪੈਕਟਰ ਅਮਰਬੀਰ ਸਿੰਘ ਦੀ ਨਿਗਰਾਨੀ ਹੇਠ ਕੰਮ ਕਰ ਰਹੀ ਸੀ.ਆਈ.ਏ. ਦੀ ਇੱਕ ਟੀਮ ਵੱਲੋਂ ਭਾਰੀ ਮਾਤਰਾ 'ਚ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਪਾਬੰਦੀਸ਼ੁਦਾ ਗੋਲੀਆਂ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਗਈ ਹੈ। ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੀ ਨਸਰਾਲੀ ਰੋਡ 'ਤੇ ਗਸ਼ਤ ਕਰ ਰਹੀ ਸੀ.ਆਈ.ਏ. ਸਟਾਫ ਦੀ ਟੀਮ ਨੂੰ ਦੇਖ ਕੇ ਕਥਿਤ ਵਿਅਕਤੀ ਸਨੀ ਕੁਮਾਰ ਵਾਸੀ ਗੁੱਜਰ ਕਲੋਨੀ ਲੁਧਿਆਣਾ ਜਦੋਂ ਪਿੱਛੇ ਮੁੜਨ ਲੱਗਾ ਤਾਂ ਸ਼ੱਕ ਪੈਣ 'ਤੇ ਪੁਲਸ ਪਾਰਟੀ ਵੱਲੋਂ ਉਸ ਨੂੰ ਰੋਕ ਲਿਆ ਗਿਆ, ਜਿਸ ਉਪਰੰਤ ਮੌਕੇ 'ਤੇ ਸੱਦੇ ਗਏ ਡੀ.ਐਸ.ਪੀ. ਅਮਲੋਹ ਜੰਗਜੀਤ ਸਿੰਘ ਦੀ ਹਾਜ਼ਰੀ 'ਚ ਜਦੋਂ ਸਹਾਇਕ ਥਾਣੇਦਾਰ ਗੁਰਮੀਤ ਕੁਮਾਰ ਵੱਲੋਂ ਥੈਲੇ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਵਿੱਚੋਂ 8050 ਗੋਲੀਆਂ ਐਲਪਰਾਜ਼ੋਲਮ, 3640 ਗੋਲੀਆਂ ਲੋਮੋਟਿਲ, 5500 ਗੋਲੀਆਂ ਟਰਾਮਾਡੋਲ ਤੇ 2400 ਕੈਪਸੂਲ ਪਾਈਵਾਨਾ ਸਪਾਸ ਦੇ ਬਰਾਮਦ ਹੋਏ, ਜਿਸ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 22 (ਸੀ) ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਾਏ ਗਏ ਮੁਕੱਦਮੇ 'ਚ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪੀ ਓ ਸਟਾਫ਼ ਨੇ ਭਗੌੜੇ ਵਿਅਕਤੀ ਨੂੰ ਕੀਤਾ ਕਾਬੂ

ਜਲਾਲਾਬਾਦ, (ਜੀਤ ਕੁਮਾਰ) ਜ਼ਿਲ੍ਹਾ ਫ਼ਾਜ਼ਿਲਕਾ ਦੇ ਪੀ.ਓ. ਸਟਾਫ਼ ਨੇ ਇਕ ਭਗੌੜੇ ਵਿਅਕਤੀ ਨੂੰ ਕਾਬੂ ਕੀਤਾ ਹੈ। ਪੀ.ਓ.ਸਟਾਫ ਇੰਚਾਰਜ ਏ.ਐਸ.ਆਈ. ਰਤਨ ਲਾਲ ਨੇ ਦੱਸਿਆ ਕਿ ਥਾਣਾ ਸਿਟੀ-1 ਅਬੋਹਰ ਵਿਖੇ ਮੁਕੱਦਮਾ ਨੰਬਰ 201 ਮਿਤੀ 07-09-2021 ਨੂੰ ਧਾਰਾ 452,354,379-ਬੀ, 506, 323,34 ਆਈਪੀਸੀ ਤਹਿਤ ਅਮਨਦੀਪ ਸਿੰਘ ਉਰਫ ਦੀਪਾ ਪੁੱਤਰ ਅਵਤਾਰ ਸਿੰਘ ਵਾਸੀ ਗੁਰੂ ਕ੍ਰਿਪਾ ਕਲੋਨੀ ਗਲੀ ਨੰਬਰ-5 ਅਬੋਹਰ ਦੇ ਖਿਲਾਫ ਦਰਜ ਹੋਇਆ ਸੀ, ਜਿਸਨੂੰ ਮਾਣਯੋਗ ਅਦਾਲਤ ਵੱਲੋਂ 12-08-2022 ਨੂੰ ਪੀ.ਓ. 299 ਸੀ.ਆਰ.ਪੀ.ਸੀ. ਤਹਿਤ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਇਸ ਵਿਅਕਤੀ ਨੂੰ ਜ਼ਿਲ੍ਹਾ ਫ਼ਾਜ਼ਿਲਕਾ ਦੇ ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ, ਐਸ.ਪੀ.(ਡੀ) ਗੁਰਬਿੰਦਰ ਸਿੰਘ, ਡੀ.ਐਸ.ਪੀ. (ਡੀ) ਸੁਖਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ.ਓ.ਸਟਾਫ਼ ਵੱਲੋਂ ਕਾਬੂ ਕੀਤਾ ਗਿਆ ਹੈ ਤੇ ਅਗਲੀ ਕਾਰਵਾਈ ਲਈ ਥਾਣਾ ਸਿਟੀ-1 ਅਬੋਹਰ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਪੀ.ਓ. ਸਟਾਫ ਦੇ ਇੰਚਾਰਜ ਰਤਨ ਲਾਲ, ਏ.ਐਸ.ਆਈ.ਸਵਰਾ ਸਿੰਘ, ਐਚਸੀ ਜਰਨੈਲ ਸਿੰਘ,ਜਸਵਿੰਦਰ ਸਿੰਘ, ਪ੍ਰੇਮ ਸਿੰਘ ਤੇ ਲੇਡੀ ਕਾਂਸਟੇਬਲ ਸੁਨੀਤਾ ਰਾਣੀ ਮੌਜੂਦ ਸਨ।

ਕਿਸਾਨ-ਮਜ਼ਦੂਰਾਂ ਦੀਆਂ ਪ੍ਰਵਾਨ ਕੀਤੀਆਂ ਮੰਗਾਂ ਲਾਗੂ ਕਰਾਉਣ ਦਾ ਮਾਮਲਾ

ਐਕਸ਼ਨ ਕਮੇਟੀ ਦੇ ਮੈਂਬਰਾਂ ਵੱਲੋਂ ਐੱਸ ਡੀ ਐੱਮ ਨਾਲ ਮੀਟਿੰਗ

ਬੁਢਲਾਡਾ, (ਅਸ਼ੋਕ ਲਾਕੜਾ) ਸਾਲ 2011 'ਚ ਨੇੜਲੇ ਪਿੰਡ ਗੋਬਿੰਦਪੁਰਾ ਵਿਖੇ ਪਿਊਨਾਂ ਪਾਵਰ ਲਿਮ: ਵੱਲੋਂ ਬਰਮਲ ਲਾਉਣ ਲਈ ਐਕੁਆਇਰ ਕੀਤੀ ਜ਼ਮੀਨ 'ਤੇ ਕੰਪਨੀ ਨੇ ਨਾ ਤਾਂ ਪਾਵਰ ਪਲਾਂਟ ਨਾ ਲਾਇਆ ਗਿਆ ਅਤੇ ਨਾ ਹੀ ਗੋਬਿੰਦਪੁਰਾ ਦੇ ਕਿਸਾਨਾਂ ਤੇ ਮ

26-Jan-PAGE-8.qxd 1/25/2023 10:53 PM Page 1

ਹੈਰੋਇਨ ਤੇ ਇੱਕ ਪਿਸਟਲ ਸਮੇਤ ਕਾਬੂ

ਆਦਮਪੁਰ (ਪਰਮਜੀਤ ਸਿੰਘ) ਸਰਬਜੀਤ ਰਾਏ ਪੀ ਪੀ ਐਸ ਉਪ ਪੁਲਸ ਕਪਤਾਨ ਸਬ-ਡਵੀਜ਼ਨ ਆਦਮਪੁਰ ਨੇ ਦੱਸਿਆ ਕਿ ਮਿਤੀ 23 ਜਨਵਰੀ ਨੂੰ ਏ ਐਸ ਆਈ ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਮਾਣਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਦੇ ਹੁਕਮਾਂ ਅਨੁਸਾਰ ਮਾੜੇ ਅਨਸਰਾਂ ਖਿਲਾਫ ਵਿਸ਼ੇਸ਼ ਮੁਹਿੰਮ ਤਹਿਤ ਚਲਾਏ ਸਰਚ ਆਪਰੇਸ਼ਨ ਦੌਰਾਨ ਬਲਜਿੰਦਰ ਸਿੰਘ ਉਰਫ ਗਾਂਧੀ ਪੁੱਤਰ ਗੁਰਦੀਪ ਸਿੰਘ ਵਾਸੀ ਮੁਹੰਦੀਪੁਰ ਜੱਟਾਂ ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ, ਜਿਸ 'ਤੇ ਪਹਿਲਾਂ ਹੀ ਵੱਖ ਵੱਖ ਥਾਣਿਆਂ ਵਿੱਚ ਕਈ ਮੁਕੱਦਮੇ ਦਰਜ ਹਨ, ਦੇ ਘਰ ਰੇਡ ਕੀਤਾ ਗਿਆ ਜੋ ਦੌਰਾਨੇ ਰੇਡ ਬਲਜਿੰਦਰ ਸਿੰਘ ਉਰਫ ਗਾਂਧੀ ਉਕਤ ਪੁਲਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜ ਗਿਆ। ਬਲਜਿੰਦਰ ਸਿੰਘ ਉਰਫ ਗਾਂਧੀ ਦੇ ਕਮਰੇ ਦੀ ਤਲਾਸ਼ੀ ਕਰਨ 'ਤੇ ਇੱਕ ਦੇਸੀ ਪਿਸਟਲ ਸਮੇਤ 04 ਜ਼ਿੰਦਾ ਰੌਂਦ ਬਰਾਮਦ ਹੋਏ, ਜਿਸ 'ਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਨੰਬਰ 13 ਮਿਤੀ 23-01-2023 ਅ:ਧ 25/54/59 ਅਸਲਾ ਐਕਟ ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ (ਦਿਹਾਤੀ) ਦਰਜ ਰਿਜਸਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਇਸ ਤਰ੍ਹਾਂ ਏ ਐਸ ਆਈ ਭਗਵੰਤ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਮੁਖਬਰ ਖਾਸ ਵੱਲੋਂ ਮਿਲੀ ਇਤਲਾਹ 'ਤੇ ਦੁਸਜ਼ਕਾ-ਜੰਡੂਸਿੰਘਾ ਰੋਡ 'ਤੇ ਦੌਰਾਨੇ ਨਾਕਾਬੰਦੀ ਇੱਕ ਗੱਡੀ ਨੰਬਰੀ ਪੀ ਬੀ ਜ਼ੀਰੋ ਦਸ-ਐਚ ਜੇ-ਤਿੰਨ ਪੰਜ ਸੱਤ ਸੱਤ ਮਾਰਕਾ ਨਿਸ਼ਾਨ ਮਾਇਕਰਾ ਰੰਗ ਗ੍ਰੇ ਜਿਸ 'ਚ 3 ਨੌਜਵਾਨ ਸਵਾਰ ਸਨ, ਜਿਨ੍ਹਾਂ ਦੇ ਨਾਂਅ ਬਲਜੀਤ ਸਿੰਘ ਪੁੱਤਰ ਤਰਸੇਮ ਸਿੰਘ, ਜਗਦੀਸ਼ ਪੁੱਤਰ ਸਤਪਾਲ ਵਾਸੀਆਨ ਡੂਮੇਲੀ ਥਾਣਾ ਰਾਵਲਪਿੰਡੀ, ਜ਼ਿਲ੍ਹਾ ਕਪੂਰਥਲਾ ਸਵਾਰਨ ਨੂੰ ਰੋਕ ਕੇ ਗੱਡੀ ਦੀ ਤਲਾਸ਼ੀ ਹਸਬ ਜ਼ਾਬਤਾ ਅਨੁਸਾਰ ਅਮਲ ਵਿੱਚ ਲਿਆਂਦੀ ਗਈ ਜਿਸ 'ਤੇ ਦੋਸ਼ੀਆਂ ਖਿਲਾਫ ਮੁਕੱਦਮਾ ਨੰਬਰ 14 ਮਿਤੀ 23-01-2023 ਅ:ਧ 21(ਬੀ)/61/85 ਐੱਨ ਡੀ ਪੀ ਐੱਸ ਐਕਟ ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ (ਦਿਹਾਤੀ) ਦਰਜ ਰਜਿਸਟਰ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਗਈ।

ਜੀ ਟੀ ਯੂ ਵੱਲੋਂ ਜ਼ਿਲ੍ਹਾ ਸਿੱਖਿਆ ਦਫਤਰ ਦਾ ਕੀਤਾ ਜਾਵੇਗਾ ਘਿਰਾਓ : ਕਰਨੈਲ ਫਿਲੌਰ

ਜਲੰਧਰ, (ਸ਼ੈਲੀ ਐਲਬਰਟ)

ਅਧਿਆਪਕਾਂ ਦੇ ਮਸਲਿਆਂ ਦੇ ਹੱਲ ਵਾਸਤੇ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਵੱਲੋਂ ਜਿਲ੍ਹਾ ਸਿੱਖਿਆ ਅਫਸਰ ਜਲੰਧਰ ਦੇ ਨਾਂਅ 'ਤੇ ਮੰਗ ਪੱਤਰ ਦਿੱਤਾ ਗਿਆ। ਇਸ ਸਮੇਂ ਜਿਲ੍ਹਾ ਜਲੰਧਰ ਦੇ ਅਹੁਦੇਦਾਰਾਂ ਸਮੇਤ ਭਾਰੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ, ਜਿਹਨਾਂ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਨੇ ਕੀਤੀ। ਇਸ ਸਮੇਂ ਆਗੂਆਂ ਨੇ ਦੋਸ਼ ਲਗਾਇਆ ਕਿ ਜਿਲ੍ਹਾ ਜਲੰਧਰ ਦੇ ਅਧਿਆਪਕ ਤੇ ਪੈਨਸ਼ਨਰਜ਼ ਬੀਤੇ ਕਈ ਸਾਲਾਂ ਤੋਂ ਮੈਡੀਕਲ ਬਿੱਲਾਂ ਦੇ ਕਲੇਮ ਲੈਣ ਲਈ ਖੱਜਲ ਹੋ ਰਹੇ ਹਨ। ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਜਿਲਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਕਿਹਾ ਕਿ ਅਗਰ ਮੰਗ ਪੱਤਰ ਵਿੱਚ ਦਰਜ ਮੰਗਾਂ ਤੇ ਜਲਦੀ ਗੌਰ ਨਾ ਕੀਤਾ ਗਿਆ ਤਾਂ ਜਲਦੀ ਹੀ ਜਿਲ੍ਹਾ ਜਲੰਧਰ ਪ੍ਰਾਇਮਰੀ ਸਿੱਖਿਆ ਦਫਤਰ ਦਾ ਘਿਰਾਓ ਕੀਤਾ ਜਾਵੇਗ। ਇਸ ਸਮੇਂ ਜਿਲ੍ਹਾ ਜਲੰਧਰ ਦੇ ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ, ਸਕੱਤਰ ਗਣੇਸ ਭਗਤ ਤੇ ਪਰੈਸ ਸਕੱਤਰ ਰਘੁਜੀਤ ਸਿੰਘ ਨੇ ਮੰਗਾਂ ਬਾਰੇ ਜਿਕਰ ਕਰਦਿਆਂ ਕਿਹਾ ਕਿ ਈ ਟੀ ਟੀ ਤੋਂ ਐੱਚ ਟੀ ਤੇ ਸੀ ਐੱਚ ਟੀ ਦੀ ਬਕਾਇਆ ਪਰਮੋਸ਼ਨਾ ਤਰੁੰਤ ਕੀਤੀਆਂ ਜਾਣ, ਈ ਟੀ ਟੀ ਅਧਿਆਪਕਾਂ ਦੀਆਂ ਸੀਨੀਅਰਤਾ ਸੂਚੀ ਵਿੱਚ ਤਰੁੱਟੀਆਂ ਦੂਰ ਕੀਤੀਆਂ ਜਾਣ, ਬਲਾਕ ਦਫਤਰਾਂ ਵਿੱਚ ਕਲਰਕਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ, 6635 ਦੇ ਪਰਾਨ ਨੰਬਰਾਂ ਦਾ ਮਸਲਾ ਹੱਲ ਕਰਵਾਇਆ ਜਾਵੇ, ਜੀ ਪੀ ਫੰਡ ਕੱਢਵਾਉਣ ਨੂੰ ਸਮਾਂਵੱਧ ਤੇ ਤਰਕਮਈ ਬਣਾਇਆ ਜਾਵੇ ਤੇ ਪੈਡਿਗ ਕੇਸਾਂ ਦੀ ਜਾਣਕਾਰੀ ਦਿੱਤੀ ਜਾਵੇ, ਮੈਡੀਕਲ ਰੀਅੰਬਰਸਮੈਂਟ ਦੀ ਅਦਾਇਗੀ ਤਰਕਮਈ ਬਣਾਈ ਜਾਵੇ ਤੇ ਬਣਦਾ ਬਜਟ ਬਲਾਕਾ ਨੂੰ ਜਾਰੀ ਕੀਤਾ ਜਾਵੇ,ਬਜਟ ਸਮੇਂ ਸਿਰ ਮਗਵਾ ਕੇ ਸਮੇਂ ਸਿਰ ਵੰਡਿਆ ਜਾਵੇ, ਅਧਿਆਪਕਾਂ ਦੇ ਚਿਰਾਂ ਤੋਂ ਪੈਡਿੰਗ ਬਕਾਏ ਕੱਢਵਾਏ ਜਾਣ ਤੇ ਬਕਾਏ ਨਾ ਕੱਢਵਾਉਣ ਵਾਲੇ ਅਫਸਰਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ, ਗ੍ਰਾਂਟਾ ਖਰਚਣ ਲਈ ਅਧਿਆਪਕਾਂ ਤੇ ਦਬਾਅ ਨਾ ਪਾਇਆ ਜਾਵੇ, ਅਗਰ ਬਲਾਕਾਂ ਨੂੰ 2022-23 ਦੀਆਂ ਬਲਾਕ ਖੇਡਾਂ ਦੇ ਲਈ ਕੋਈ ਖੇਡ ਫੰਡ ਜਾਰੀ ਹੋਇਆ ਹੈ ਤਾਂ ਉਸ ਦੀ ਕਾਪੀ ਦਿੱਤੀ ਜਾਵੇ ਕਿਉਂਕਿ ਸਾਰੀਆਂ ਬਲਾਕ ਖੇਡਾਂ ਦਾ ਖਰਚਾ ਅਧਿਆਪਕਾਂ ਨੇ ਆਪਣੀਆਂ ਜੇਬਾਂ ਵਿੱਚੋਂ ਕੀਤਾ ਹੈ, ਅਧਿਆਪਕਾਂ ਦੀਆਂ ਸਰਵਿਸ ਬੁੱਕਾਂ ਤੇ ਹੋਰ ਰਿਕਾਰਡ ਨੂੰ ਪੂਰਾ ਕਰਨ ਲਈ ਬਲਾਕ ਅਫਸਰਾਂ ਨੂੰ ਪਾਬੰਦ ਕੀਤਾ ਜਾਵੇ। ਇਸ ਸਮੇਂ ਬਲਜੀਤ ਸਿੰਘ ਕੁਲਾਰ, ਕੁਲਦੀਪ ਵਾਲੀਆ, ਨਿਰਮੋਲਕ ਸਿੰਘ ਹੀਰਾ, ਕੁਲਦੀਪ ਸਿੰਘ ਕੋੜਾ, ਬਲਵੀਰ ਭਗਤ, ਜਤਿੰਦਰ ਸਿੰਘ, ਰਣਜੀਤ ਸਿੰਘ ਠਾਕੁਰ, ਰਜੀਵ ਭਗਤ, ਅਨਿਲ ਭਗਤ, ਕਮਲ ਦੇਵ, ਪ੍ਰੇਮ ਕੁਮਾਰ, ਵੇਦ ਰਾਜ, ਰਾਮ ਰੂਪ, ਵਿਜੇ ਕੁਮਾਰ, ਕੁਲਜੀਤ ਸਿੰਘ, ਰਕੇਸ਼ ਫਿਲੌਰ, ਕਸ਼ਮੀਰ ਨੂਰਮਹਿਲ, ਅਰੁਣ ਭਗਤ, ਜਗਦੀਪ ਫਿਲੌਰ ਆਦਿ ਹਾਜ਼ਰ ਸਨ।

ਭਾਰਤੀ ਵਿਲੱਖਣ ਪਹਿਚਾਣ ਅਥਾਰਟੀ ਨੇ ਲਗਾਈ ਵਰਕਸ਼ਾਪ

ਕਪੂਰਥਲਾ, (ਰਵਿੰਦਰ ਸਿੰਘ)—ਭਾਰਤੀ ਵਿਲੱਖਣ ਪਹਿਚਾਣ ਸੇਵਾਵਾਂ ਅਥਾਰਟੀ ਦੇ ਖੇਤਰੀ ਦਫਤਰ ਚੰਡੀਗੜ੍ਹ ਵਲੋਂ ਕਪੂਰਥਲਾ ਵਿਖੇ ਅਧਾਰ ਆਪਰੇਟਰਾਂ ਤੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਲਈ ਇਕ ਵਰਕਸ਼ਾਪ ਲਗਾਈ ਗਈ। ਵਰਕਸ਼ਾਪ ਦੌਰਾਨ ਉਨ੍ਹਾਂ ਨੂੰ ਆਧਾਰ ਕਾਰਡ ਨੂੰ ਨਵਿਆਉਣ, ਸੋਧ ਕਰਨ, ਨਵਾਂ ਬਣਾਉਣ ਦੀ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਲਾਭ ਲਈ ਆਧਾਰ ਕਾਰਡ ਨੂੰ ਬੈਂਕ ਖਾਤੇ ਤੇ ਹੋਰ ਸੇਵਾਵਾਂ ਨਾਲ ਲਿੰਕ ਕਰਨ ਬਾਰੇ ਵੀ ਜਾਣੂੰ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਕਿਹਾ ਕਿ ਜ਼ਿਲ੍ਹੇ ਦੇ ਕਰਮਚਾਰੀਆਂ ਲਈ ਇਹ ਵਰਕਸ਼ਾਪ ਬਹੁਤ ਲਾਹੇਵੰਦ ਸਾਬਿਤ ਹੋਵੇਗੀ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋੜ ਅਨੁਸਾਰ ਆਪੋ-ਆਪਣਾ ਅਧਾਰ ਕਾਰਡ ਅਪਡੇਟ ਕਰਾਉਣ। ਇਸ ਤੋਂ ਇਲਾਵਾ ਸਾਰੇ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਉਹ ਆਧਾਰ ਕਾਰਡ ਨੂੰ ਪਹਿਚਾਣ ਦੇ ਸਬੂਤ ਵਜੋਂ ਮਾਨਤਾ ਦੇਣ ਤੋਂ ਪਹਿਲਾਂ ਆਨਲਾਇਨ ਉਸਦੀ ਤਸਦੀਕ ਕਰ ਲੈਣ। ਵਰਕਸ਼ਾਪ ਦੌਰਾਨ ਵਿਸ਼ਾਲ ਚੁੱਘ ਵਲੋਂ ਸਿਖਲਾਈ ਵੀ ਦਿੱਤੀ ਗਈ। ਇਸ ਮੌਕੇ ਸੇਵਾ ਕੇਂਦਰਾਂ ਦੇ ਇੰਚਾਰਜ ਚਾਣਕਿਆ ਆਨੰਦ ਵੀ ਹਾਜ਼ਰ ਸਨ।

ਐਜ਼ੂ ਫੁੱਟਬਾਲ ਤੇ ਖੇਡ ਲੀਗ ਰੁੜਕਾ ਕਲਾਂ ਦੇ ਅੱਠਵੇਂ ਗੇੜ ਦੇ ਮੁਕਾਬਲੇ ਰਹੇ ਦਿਲਚਸਪ

ਗੁਰਾਇਆ (ਬਿੰਦਰ ਸੁਮਨ)- ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਵੱਲੋਂ ਚਲਾਈ ਜਾ ਰਹੀ 10ਵੀਂ ਐਜ਼ੂਕੇਸ਼ਨਲ ਫੁੱਟਬਾਲ ਅਤੇ ਖੇਡ ਲੀਗ ਦੇ ਅੱਠਵੇਂ ਗੇੜ ਦੇ ਮੁਕਾਬਲੇ ਵਾਈ ਐਫ ਸੀ ਰੁੜਕਾ ਕਲਾਂ ਦੇ ਖੇਡ ਸਟੇਡੀਅਮ ਵਿੱਚ ਕਰਵਾਏ ਗਏ । ਇਸ ਦੇ ਨਾਲ ਹੀ ਖੋਲੋ ਇੰਡੀਆ ਵਿਮਨ ਲੀਗ ਉਮਰ 17 ਸਾਲ ਦੇ ਮੁਕਾਬਲੇ ਵੀ ਕਰਵਾਏ ਗਏ। ਉਮਰ ਵਰਗ 12 ਸਾਲ ਲੜਕਿਆਂ ਵਿੱਚ

ਜਗਤਪੁਰ ਨੇ ਗੁਰਾਇਆਂ ਨੂੰ 2-1, ਹੂਸੈਨਾਬਾਦ ਨੇ ਗੁਰਾਇਆਂ ਨੂੰ 3-2,ਰੁੜਕਾ ਕਲਾਂ ਨੇ ਬਾਠ ਕਲਾਂ ਨੂੰ 5-0 ਅਤੇ ਉਮਰ ਵਰਗ 14 ਸਾਲ ਵਿੱਚ ਧੀਨਾ ਨੇ ਜਮਸ਼ੇਰ ਨੂੰ 1-0,ਧੀਨਾ ਨੇ ਖੁਸਰੋਪੁਰ ਨੂੰ 3-0,ਜਗਤਪੁਰ ਨੇ ਬੁੰਡਾਲਾ ਨੂੰ 3-1,ਰੁੜਕਾ ਕਲਾਂ(ਬੀ) ਨੇ ਗੋਰਾਇਆ ਨੂੰ 1-0 ਅਤੇ ਉਮਰ ਵਰਗ 16 ਸਾਲ ਵਿੱਚ ਧੀਨਾ ਨੇ ਹੂਸੈਨਾਬਾਦ ਨੂੰ 1-0,ਬਿਲਗਾ ਨੇ ਬੁੰਡਾਲਾ ਨੂੰ 3-0 ਅਤੇ ਉਮਰ ਵਰਗ 18 ਸਾਲ ਵਿੱਚ ਕਡਿਆਣਾ ਅਤੇ ਜਮਸ਼ੇਰ ਦੇ ਮੁਕਾਬਲੇ 0-0 ਨਾਲ ਬਰਾਬਰ ਰਹੇ। ਨਾਲ ਹੀ ਉਮਰ ਵਰਗ 12 ਸਾਲ ਵਿੱਚ ਲੜਕੀਆ ਦੇ ਵੀ ਮੈਚ ਕਰਵਾਏ ਗਏ ਸਨ,ਜਿਸ ਵਿੱਚ ਰੁੜਕਾ ਕਲਾਂ ਦੀਆਂ ਲੜਕੀਆਂ ਨੇ ਬੁੰਡਾਲ ਦੀਆਂ ਲੜਕੀਆਂ ਨੂੰ 1-0 ਨਾਲ ਹਰਾ ਕੇ ਮੈਚ ਜਿੱਤਿਆ। ਨਾਲ ਹੀ ਖੋਲੋ ਇੰਡੀਆ ਲੜਕੀਆਂ ਦੇ ਲੀਗ ਮੁਕਾਬਲੇ ਵੀ ਕਰਵਾਏ ਗਏ ,ਜਿਸ ਵਿੱਚ ਵਾਈ ਐਫ ਸੀ ਰੁੜਕਾ ਕਲਾਂ ਨੇ ਪਿਪਸ ਨੂੰ 3-0 ਫੁੱਟਬਾਲ ਐਕਡਮੀ ਬੁੰਡਾਲਾ ਨੇ ਸ਼ਹੀਦ ਊਧਮ ਸਿੰਘ ਕਲੱਬ,ਬੀੜ ਬੰਸੀਆ ਨੂੰ 4-0 ਅਤੇ ਗੁਰੂ ਨਾਨਕ ਸਪੋਰਟਸ ਕਲੱਬ,ਬਿਲਗਾ ਨੇ ਬਾਬਾ ਦੀਪ ਸਿੰਘ ਸਪੋਰਟਸ ਕਲੱਬ,ਜਮਸ਼ੇਰ ਨੂੰ 1-0 ਨਾਲ ਹਰਾਇਆ। ਇਸ ਮੌਕੇ 'ਤੇ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ,ਵਾਈ ਐਫ ਸੀ ਦੇ ਕੋਚ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਵੱਲੋਂ ਮਿਆਦ ਪੁਗਾ ਚੁੱਕੇ 593 ਅਸਲਾ ਲਾਈਸੈਂਸ ਮੁਅੱਤਲ

ਕਪੂਰਥਲਾ,(ਰਵਿੰਦਰ ਸਿੰਘ)—ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਵਿਸ਼ੇਸ਼ ਸਾਰੰਗਲ ਵਲੋਂ ਕਪੂਰਥਲਾ ਜ਼ਿਲ੍ਹੇ ਵਿਚ 593 ਅਸਲਾ ਲਾਈਸੈਂਸਾਂ ਨੂੰ ਮੁਅੱਤਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਅਸਲਾ ਲਾਇਸੈਂਸ ਧਾਰਕਾਂ ਵਲੋਂ ਆਪਣਾ ਅਸਲਾ ਲਾਈਸੈਂਸ ਸਮੇਂ ਸਿਰ ਨਵੀਨੀਕਰਨ ਕਰਨ ਲਈ ਅਪਲਾਈ ਨਹੀਂ ਕੀਤਾ ਗਿਆ। ਉਨ੍ਹਾਂ ਇਹ ਵੀ ਹੁਕਮ ਦਿੱਤੇ ਹਨ ਕਿ ਜਦ ਤੱਕ ਇਹ ਅਸਲਾ ਲਾਇਸੈਂਸ ਰੀਨਿਊ ਨਹੀਂ ਹੁੰਦੇ ਤਦ ਤੱਕ ਅਸਲਾ ਜਮ੍ਹਾਂ ਕਰਵਾਇਆ ਜਾਵੇ। ਇਸ ਸਬੰਧੀ ਸਬੰਧਿਤ ਥਾਣਾ ਮੁਖੀਆਂ ਨੂੰ ਵੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਟੈਕਨੀਕਲ ਕੋਆਰਡੀਨੇਟਰ ਵਲੋਂ ਮਿਆਦ ਪੁਗਾ ਚੁੱਕੇ ਅਸਲਾ ਲਾਈਸੈਂਸਾਂ ਬਾਰੇ ਦਿੱਤੀ ਗਈ ਰਿਪੋਰਟ ਦੇ ਆਧਾਰ 'ਤੇ 593 ਅਜਿਹੇ ਅਸਲਾ ਲਾਈਸੈਂਸਾਂ ਦੀ ਤਸਦੀਕ ਕੀਤੀ ਗਈ,ਜਿਨ੍ਹਾਂ ਨੂੰ ਨਵਿਆਉਣ ਲਈ ਅਪਲਾਈ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਾਰੇ 593 ਅਸਲਾ ਲਾਈਸੈਂਸਾਂ ਨੂੰ ਮੁਅੱਤਲ ਕਰਕੇ ਉਕਤ ਅਸਲਾ ਲਾਈਸੈਂਸ ਨਵੀਨੀਕਰਨ ਕਰਨ ਲਈ ਅਪਲਾਈ ਕਰਨ ਵਾਸਤੇ 30 ਦਿਨ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਉਕਤ ਅਸਲਾ ਲਾਈਸੈਂਸ ਧਾਰਕ ਦਿੱਤੇ ਗਏ ਸਮੇਂ ਅੰਦਰ ਨਵੀਨੀਕਰਨ ਲਈ ਅਪਲਾਈ ਨਹੀਂ ਕਰਦੇ ਤਾਂ ਉਨ੍ਹਾਂ ਦੇ ਅਸਲਾ ਲਾਈਸੈਂਸ ਰੱਦ ਕਰ ਦਿੱਤੇ ਜਾਣਗੇ। ਦੱਸਣਯੋਗ ਹੈ ਕਿ ਮੁਅੱਤਲ ਕੀਤੇ 593 ਅਸਲਾ ਲਾਈਸੈਂਸਾਂ ਵਿਚੋਂ ਪੁਲਸ ਸਟੇਸ਼ਨ ਬੇਗੋਵਾਲ ਦੇ 15, ਭੁਲੱਥ ਦੇ 34,ਸਿਟੀ ਕਪੂਰਥਲਾ ਦੇ 69,ਸਿਟੀ ਫਗਵਾੜਾ 44,ਢਿਲਵਾਂ 43,ਫੱਤੂਢੀਂਗਾ 12,ਕਬੀਰਪੁਰ 41,ਕੋਤਵਾਲੀ ਕਪੂਰਥਲਾ 43,ਰਾਵਲਪਿੰਡੀ 16,ਸਦਰ ਕਪੂਰਥਲਾ 59, ਸਦਰ ਫਗਵਾੜਾ 23, ਸਤਨਾਮਪੁਰਾ 9,ਸੁਭਾਨਪੁਰ 30, ਸੁਲਤਾਨਪੁਰ ਲੋਧੀ 119 ਤੇ ਥਾਣਾ ਤਲਵੰਡੀ ਚੌਧਰੀਆਂ ਦੇ 36 ਅਸਲਾ ਲਾਇਸੈਂਸ ਸ਼ਾਮਿਲ ਹਨ।

ਆਪ ਦੇ ਆਗੂਆਂ ਤੇ ਵਰਕਰਾਂ ਦੀ ਹੋਈ ਹੰਗਾਮੀ ਮੀਟਿੰਗ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪਿੰਡ ਢੰਡੋਰ (ਹਲਕਾ ਆਦਮਪੁਰ, ਜਲੰਧਰ) ਵਿਖੇ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਅਨੇਕ ਅਹੁਦੇਦਾਰ ਅਤੇ ਸੀਨੀਅਰ ਆਗੂ ਇੱਕਠੇ ਹੋਏ। ਇਸ ਵਿੱਚ ਤਕਰੀਬਨ 60 ਤੋਂ ਵੀ ਵੱਧ ਪਾਰਟੀ ਦੇ ਸਾਥੀਆਂ ਨੇ ਹਿਸਾ ਲਿਆ। ਉਨ੍ਹਾਂ ਅਪਣੇ ਅਪਣੇ ਇਲਾਕੇ ਦੀ, ਪਿੰਡਾਂ ਦੀ ਸਮਸਿਆਵਾਂ ਬਾਰੇ ਜਾਣੂ ਕਰਵਾਇਆ। ਹਰਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ। ਖਾਸ ਤੌਰ ਤੇ ਭ੍ਰਿਸ਼ਟਾਚਾਰ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਤੋਂ ਹਰ ਵਰਗ ਖੁਸ਼ ਹੈ। ਆਣ ਵਾਲੇ ਕੁੱਝ ਮਹੀਨਿਆਂ ਬਾਅਦ ਸਰਕਾਰੀ ਸਕੂਲਾਂ ਵਿੱਚ ਲੜਕੀਆਂ ਲਈ ਮੁਫ਼ਤ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ। ਪੰਜਾਬ ਵਿੱਚ 117 ਸਰਕਾਰੀ ਸਕੂਲ ਅੰਤਰਰਾਸ਼ਟਰੀ ਪੱਧਰ ਦੇ ਬਣਾਏ ਜਾਣਗੇ (ਸਕੂਲ ਔਫ ਐਮੀਨੈਂਸ)। ਗਣਤੰਤਰ ਦਿਵਸ ਤੇ ਤਕਰੀਬਨ 500 ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ। ਕੈਨੇਡਾ ਤੋਂ ਆਏ ਆਪ ਦੇ ਸਮਰਥਕ ਕਮਲਜੀਤ ਸਿੰਘ ਮਿਨਹਾਸ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਵੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਜਾਂਦੀ ਹੈ। ਉਨ੍ਹਾਂ ਦਸਿਆ ਕਿ ਐਨ ਆਰ ਆਈ ਪਰਿਵਾਰ ਖੁਸ਼ ਹਨ ਕਿ ਪੰਜਾਬ ਵੀ ਭ੍ਰਿਸ਼ਟਾਚਾਰ ਮੁਕਤ ਹੋ ਜਾਏਗਾ। ਆਪ ਦੇ ਅਨੇਕ ਸਾਥੀਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਇਕ ਗੱਲ ਜੋ ਸਭਨਾਂ ਨੇ ਕਹੀ ਕਿ ਜੀਤ ਲਾਲ ਭੱਟੀ (ਹਲਕਾ ਇੰਚਾਰਜ ਆਦਮਪੁਰ) ਆਪ ਦੇ ਮੁੱਢ ਤੋਂ ਜੁੜੇ ਸਾਥੀਆਂ ਨੂੰ ਦਰਕਿਨਾਰ ਕਰ ਰਿਹਾ ਹੈ। ਉਨ੍ਹਾਂ ਨਾਲ ਉਹ ਬੰਦੇ ਅਕਸਰ ਨਜ਼ਰ ਆਂਦੇ ਹਨ ਜਿਨ੍ਹਾਂ ਨੇ ਕਦੀ ਵੀ ਆਪ ਪਾਰਟੀ ਲਈ ਕੰਮ ਨਹੀਂ ਕੀਤਾ, ਸਗੋਂ ਦੂਜਿਆਂ ਪਾਰਟੀਆਂ ਲਈ ਕੰਮ ਕੀਤਾ। ਭੱਟੀ ਵਲੋਂ ਪੁਰਾਣੇ ਵਲੰਟੀਅਰ ਨੂੰ ਪਿਛੇ ਛੱਡ ਕੇ ਨਵਿ

26-Jan-PAGE-9.qxd 1/25/2023 10:52 PM Page 1

ਕੋਈ ਵੀ ਆੜ੍ਹਤੀ ਸਵੇਰੇ 3.30 ਤੋਂ ਪਹਿਲਾਂ ਪੱਠੇ ਨਹੀ ਵੇਚੇਗਾ : ਸੁਖਦੇਵ ਸਿੰਘ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਦਿ ਡੇਅਰੀ ਫਾਰਮਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਹੁਸ਼ਿਆਰਪੁਰ ਦੀ ਇਕ ਮੀਟਿੰਗ ਪ੍ਰਧਾਨ ਸੁਖਦੇਵ ਸਿੰਘ ਦੇ ਘਰ ਹੋਈ। ਇਸ ਮੀਟਿੰਗ ਵਿੱਚ ਡੇਅਰੀ ਯੂਨੀਅਨ ਦੇ ਅਹੁੱਦੇਦਾਰ ਹਾਜ਼ਰ ਹੋਏ। ਮੀਟਿੰਗ ਵਿੱਚ ਡੇਅਰੀ ਵਾਲਿਆਂ ਨੂੰ ਆ ਰਹੀ ਪੱਠਿਆਂ ਦੀ ਸਮੱਸਿਆ ਬਾਰੇ ਚਰਚਾ ਕੀਤੀ ਗਈ ਕਿ ਅੱਜ ਕੱਲ ਪੱਠਾ ਮੰਡੀ, ਹੁਸ਼ਿਆਰਪੁਰ ਵਿਖੇ ਰਾਤ 2.30 ਵਜੇ ਤੋਂ ਦੂਜੇ ਜ਼ਿਲ੍ਹਿਆਂ ਅਤੇ ਹਿਮਾਚਲ ਤੋਂ ਜੀਪਾਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਪੱਠੇ ਵੇਚਣ ਵਾਲੇ ਆੜਤੀ ਵੀ ਬਾਹਰ ਦੇ ਲੋਕਾਂ ਨੂੰ ਪਹਿਲਾਂ ਪੱਠੇ ਦਿੰਦੇ ਹਨ ਤੇ ਲੋਕਲ ਸ਼ਹਿਰ ਦੇ ਡੇਅਰੀ ਵਾਲਿਆਂ ਨੂੰ ਆਪਣੇ ਪਸ਼ੂਆਂ ਲਈ ਪੱਠੇ ਖਰੀਦਣ ਦੀ ਬੜੀ ਮੁਸ਼ਕਿਲ ਆਉਂਦੀ ਹੈ ਤੇ ਕਈ ਡੇਅਰੀ ਵਾਲਿਆਂ ਨੂੰ ਪੱਠੇ ਮਿਲਦੇ ਹੀ ਨਹੀਂ। ਦੂਸਰਾ ਕਈ ਆੜਤੀ ਕੰਢੇ ਤੇ ਖੜੇ ਹੋ ਕੇ ਦੂਸਰੇ ਦਾ ਕੰਮ ਖਰਾਬ ਕਰਨ ਲਈ ਪੱਠਿਆਂ ਦੀ ਟਰਾਲੀ ਕੰਢੇ ਤੇ ਹੀ ਰੋਕ ਕੇ ਵੱਧ ਰੇਟ ਲਗਾ ਦਿੰਦੇ ਹਨ ਜਿਸ ਨਾਲ ਪੱਠੇ ਮਹਿੰਗੇ ਮਿਲਦੇ ਹਨ। ਇਸ ਦੇ ਨਾਲ ਹੀ ਜ਼ਿੰਮੀਦਾਰ ਦਾ ਵੀ ਨੁਕਸਾਨ ਹੁੰਦਾ ਹੈ, ਪਹਿਲਾਂ ਤਾਂ ਉਸ ਨੂੰ ਕੰਢੇ ਤੇ ਵੱਧ ਰੇਟ ਦੱਸ ਦਿੰਦੇ ਹਨ ਪਰ ਜਦੋਂ ਉਹ ਮੰਡੀ ਵਿੱਚ ਜਾ ਕੇ ਵੇਚਦਾ ਹੈ ਤਾਂ ਉਸ ਨੂੰ ਮੰਡੀ ਦਾ ਰੇਟ ਹੀ ਮਿਲਦਾ ਹੈ ਜੋ ਕਿ ਦੱਸੇ ਗਏ ਰੇਟ ਤੋਂ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਆੜਤੀ ਇਕ ਦੂਜੇ ਦਾ ਕੰਮ ਖਰਾਬ ਕਰਨ ਲਈ ਲੇਬਰ ਨੂੰ ਕੰਢੇ ਤੇ ਭੇਜ ਦਿੰਦੇ ਹਨ। ਇਸ ਮੀਟਿੰਗ ਵਿੱਚ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਕੋਈ ਵੀ ਆੜਤੀ ਸਵੇਰੇ 3.30 ਤੋਂ ਪਹਿਲਾਂ ਪੱਠੇ ਨਹੀ ਵੇਚੇਗਾ, ਜਿਹੜਾ ਵੀ ਇਸ ਦੀ ਉਲੰਘਣਾ ਕਰੇਗਾ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ 20 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਜਿਹੜੀਆਂ ਵੀ ਸ਼ਹਿਰ ਤੋਂ ਬਾਹਰ ਦੀਆਂ ਜੀਪਾਂ ਆਉਂਦੀਆਂ ਹਨ ਉਨਾਂ ਨੂੰ ਸਵੇਰੇ 6.00 ਵਜੇ ਤੋਂ ਬਾਅਦ ਹੀ ਪੱਠੇ ਦਿੱਤੇ ਜਾਣਗੇ। ਕੰਢੇ ਤੇ ਕੋਈ ਵੀ ਆੜਤੀ ਜਾਂ ਲੇਬਰ ਦਾ ਬੰਦਾ ਖੜਾ ਨਹੀਂ ਹੋ ਸਕਦਾ। ਜੇ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਵਿਜੇ ਪਾਲ ਚੇਅਰੈਨ, ਸੁਖਦੇਵ ਸਿੰਘ ਖੇਪੜ, ਪ੍ਰਧਾਨ, ਸੁੱਚਾ ਸਿੰਘ ਮੀਲੂ ਉਪ-ਪ੍ਰਧਾਨ, ਰਾਕੇਸ਼ ਕੁਮਾਰ ਕੈਸ਼ੀਅਰ, ਕਾਕੂ ਪੋਸਵਾਲ ਸੈਕਟਰੀ, ਮਨੋਹਰ ਲਾਲ, ਵਿਜੇ ਕੁਮਾਰ, ਸ਼ਮੀ, ਸ਼ਾਮੂ, ਪਵਨ ਕੁਮਾਰ ਪੰਮੀ ਆਦਿ ਮੌਜੂਦ ਸਨ।

ਹਰਿਆਣਾ 'ਚ ਗੰਨੇ ਦੇ ਮੁੱਲ 'ਚ 10 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ

ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਗੰਨਾ ਕਿਸਾਨਾਂ ਦੇ ਹਿੱਤ 'ਚ ਅੱਜ ਗੰਨੇ ਦੇ ਮੁੱਲ 'ਚ 10 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ ਕੀਤਾ ਹੈ। ਇਸ ਵਾਧੇ ਤੋਂ ਬਾਅਦ ਹੁਣ ਗੰਨੇ ਦੀ ਕੀਮਤ 372 ਰੁਪਏ ਹੋ ਗਈ ਹੈ, ਜੋ ਇਸ ਪਿੜਾਈ ਸੈਸ਼ਨ ਤੋਂ ਲਾਗੂ ਹੋਵੇਗੀ। ਮੁੱਖ ਮੰਤਰੀ ਮਨੋਹਰ ਲਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਗੰਨੇ ਦੀ ਕੀਮਤ ਵਿਚ ਵਾਧਾ ਹੋ ਗਿਆ ਹੈ, ਇਸ ਲਈ ਹੁਣ ਕਿਸਾਨ ਗੰਨੇ ਨੂੰ ਮਿੱਲਾਂ ਵਿੱਚ ਲੈ ਜਾਣਾ ਸ਼ੁਰੂ ਕਰਨ ਤਾਂ ਜੋ ਮਿੱਲਾਂ ਸਹੀ ਢੰਗ ਨਾਲ ਚਲ ਸਕਣ। ਖੰਡ ਮਿੱਲਾਂ ਦਾ ਬੰਦ ਹੋਣਾ ਨਾ ਤਾਂ ਕਿਸਾਨਾਂ ਦੇ ਹਿੱਤ 'ਚ ਹੈ ਅਤੇ ਨਾ ਹੀ ਮਿੱਲਾਂ ਦੇ। ਉਨ੍ਹਾਂ ਕਿਹਾ ਕਿ ਇਸ ਮੌਸਮ 'ਚ ਸਰਦੀ ਵੱਧ ਪਈ ਹੈ, ਜਿਸ ਕਾਰਨ ਸਰ੍ਹੋਂ ਦੀ ਫਸਲ ਕਾਫੀ ਪ੍ਰਭਾਵਿਤ ਹੋਈ ਹੈ। 5 ਫਰਵਰੀ ਤੋਂ ਰੈਗੂਲਰ ਗਿਦਾਵਰੀ ਸ਼ੁਰੂ ਹੋ ਜਾਵੇਗੀ ਅਤੇ ਜਿੱਥੇ-ਜਿੱਥੇ ਨੁਕਸਾਨ ਹੋਇਆ ਹੈ, ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇਗਾ।

ਹਰਿਆਣਾ ਸਰਕਾਰ ਵੱਲੋਂ ਕੌਮੀ ਝੰਡਾ ਫਹਿਰਾਉਣ ਵਾਲੇ ਮਹਿਮਾਨਾਂ ਦੇ ਪ੍ਰੋਗਰਾਮ ਬਦਲੇ

ਚੰਡੀਗੜ੍ਹ : ਹਰਿਆਣਾ ਸਰਕਾਰ ਨੇ ਗਣਤੰਤਰ ਦਿਵਸ ਦੇ ਮੌਕੇ 26 ਜਨਵਰੀ ਨੂੰ ਸੂਬੇ ਦੇ ਵੱਖ-ਵੱਖ ਥਾਵਾਂ 'ਤੇ ਆਯੋਜਿਤ ਸਮਾਰੋਹ 'ਚ ਕੌਮੀ ਝੰਡਾ ਫਹਿਰਾਉਣ ਵਾਲੇ ਮਹਿਮਾਨਾਂ ਦੇ ਪ੍ਰੋਗਰਾਮ 'ਚ ਕੁਝ ਬਦਲਾਅ ਕੀਤੇ ਹਨ। ਇਕ ਸਰਕਾਰੀ ਬੁਲਾਰੇ ਨੇ ਇਸ ਸੰਬੰਧ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਹਿਸਾਰ 'ਚ, ਸਾਂਸਦ ਨਾਇਬ ਸਿੰਘ ਸੈਣੀ ਕੈਥਲ 'ਚ ਅਤੇ ਅੰਬਾਲਾ ਮੰਡਲ ਕਮਿਸ਼ਨਰ ਰਾਦੌਰ 'ਚ ਕੌਮੀ ਝੰਡਾ ਫਹਿਰਾਉਣਗੇ। ਉਨ੍ਹਾ ਦੱਸਿਆ ਕਿ ਜੇਕਰ ਕੋਈ ਮਹਿਮਾਨ / ਅਧਿਕਾਰੀ ਵਿੱਚੋਂ ਕੋਈ ਉਪਰੋਕਤ ਥਾਵਾਂ 'ਤੇ ਕਿਸੇ ਕਾਰਨ ਨਹੀਂ ਪੁੱਜ ਪਾਉਂਦਾ ਤਾਂ ਉੱਥੇ ਸੰਬੰਧਤ ਡਿਪਟੀ ਕਮਿਸ਼ਨਰ/ਉਪ ਮੰਡਲ ਅਧਿਕਾਰੀ (ਨਾਗਰਿਕ/ਤਹਿਸੀਲਦਾਰ) ਕੌਮੀ ਝੰਡ ਫਹਿਰਾਉਣਗੇ।

ਜਿਲ੍ਹਾ ਸਿੱਖਿਆ ਸੁਧਾਰ ਟੀਮ ਵੱਲੋਂ ਬਲਾਕ ਤਖਤਗੜ੍ਹ ਤੇ ਕੀਰਤਪੁਰ ਸਾਹਿਬ ਦੇ ਸਕੂਲਾਂ ਦਾ ਅਚਨਚੇਤ ਦੌਰਾ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਵਿਭਾਗ ਵੱਲੋਂ ਸ਼ੁਰੂ ਕੀਤੇ ਮਿਸ਼ਨ ਸ਼ਤ-ਪ੍ਰਤੀਸ਼ਤ ਤਹਿਤ ਅੱਜ ਜ਼ਿਲ੍ਹਾ ਸਿੱਖਿਆ ਸੁਧਾਰ ਟੀਮ ਵੱਲੋਂ ਬਲਾਕ ਤਖਤਗੜ੍ਹ ਅਤੇ ਬਲਾਕ ਕੀਰਤਪੁਰ ਸਾਹਿਬ ਦੇ ਸਕੂਲਾਂ ਦਾ ਦੌਰਾ ਕੀਤਾ ਗਿਆ। ਸ.ਸ.ਸ.ਸ.ਸਕੂਲ ਚਨੋਲੀ ਬਸੀ ਅਤੇ ਸ.ਹ.ਸ. ਭਾਓਵਾਲ ਵਿਖੇ ਜ਼ਿਲ੍ਹਾ ਸਿੱਖਿਆ ਸੁਧਾਰ ਟੀਮ ਨੇ ਅਚਨਚੇਤ ਸਕੂਲਾਂ ਦਾ ਨਿਰੀਖਣ ਕੀਤਾ। ਇਸ ਮੌਕੇ ਟੀਮ ਦੇ ਇੰਚਾਰਜ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਵੱਲੋਂ ਸਕੂਲਾਂ 'ਚ ਚੱਲ ਰਹੇ ਅੱਠਵੀਂ, ਦਸਵੀਂ ਅਤੇ ਬਾਰਵ੍ਹੀਂ ਦੇ ਪ੍ਰੀ-ਬੋਰਡ ਪੇਪਰਾਂ ਦਾ ਮੁਆਇਨਾ ਲਿਆ। ਇਸ ਮੌਕੇ ਉਹਨਾਂ ਨੇ ਚਨੋਲੀ ਬਸੀ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰੀ ਬੋਰਡ ਦੇ ਪੇਪਰ ਪੂਰੀ ਤਿਆਰੀ ਕਰ ਕੇ ਪਾਏ ਜਾਣ। ਇਹ ਪੇਪਰ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਮਿਸ਼ਨ ਸ਼ਤ ਪ੍ਰਤੀਸ਼ਤ ਤਹਿਤ ਹੁਣ ਤੋਂ ਹੀ ਬੋਰਡ ਦੇ ਆਉਣ ਵਾਲੇ ਪੇਪਰਾਂ ਲਈ ਤਿਆਰ ਕਰਨਾ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਚਨੋਲੀ ਬਸੀ ਸਕੂਲ ਦੀਆਂ ਤਿੰਨ ਵਿਦਿਆਰਥਣਾਂ ਨੇ ਦਸਵੀਂ ਜਮਾਤ ਦੀ ਬੋਰਡ ਵੱਲੋਂ ਜਾਰੀ ਕੀਤੀ ਮੈਰਿਟ ਲਿਸਟ ਵਿਚ 7ਵਾਂ, 13ਵਾਂ ਅਤੇ 14ਵਾਂ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਰੂਪਨਗਰ ਅਤੇ ਇਸ ਸਕੂਲ ਦਾ ਪੂਰੇ ਪੰਜਾਬ 'ਚ ਨਾਂਅ ਰੋਸ਼ਨ ਕੀਤਾ ਸੀ। ਹੁਣ ਅਸੀਂ ਤੁਹਾਡੇ ਤੋਂ ਪੂਰੀ ਆਸ ਕਰਦੇ ਹਾਂ ਕਿ ਪਹਿਲੇ ਨਾਲੋਂ ਵੀ ਵੱਧ ਵਿਦਿਆਰਥੀ ਬੋਰਡ ਦੀ ਮੈਰਿਟ ਲਿਸਟ 'ਚ ਆਪਣਾ ਨਾਂਅ ਦਰਜ ਕਰਵਾਉਣੇ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਪ੍ਰੀ ਬੋਰਡ ਦੇ ਹੋ ਚੁੱਕੇ ਪੇਪਰਾਂ ਨੂੰ ਚੈੱਕ ਵੀ ਕੀਤਾ ਗਿਆ ਅਤੇ ਉਹਨਾਂ ਨੇ ਸਮੂਹ ਅਧਿਆਪਕਾਂ ਨੂੰ ਹਦਾਇਤ ਕੀਤੀ ਕਿ ਪੇਪਰ ਨਾਲ ਦੇ ਨਾਲ ਹੀ ਚੈੱਕ ਕਰਕੇ ਵਿਦਿਆਰਥੀਆਂ ਦੇ ਨੰਬਰ ਈ ਪੰਜਾਬ ਆਈ ਡੀ 'ਤੇ ਚਾੜ੍ਹ ਦਿੱਤੇ ਜਾਣ। ਇਸ ਮੌਕੇ ਉਹਨਾਂ ਵਿਦਿਆਰਥੀਆਂ ਦੀ ਹਾਜ਼ਰੀ, ਅਧਿਆਪਕਾਂ ਦੀ ਹਾਜ਼ਰੀ, ਲਾਇਬਰੇਰੀ ਰਜਿਸਟਰ ਤੋਂ ਇਲਾਵਾ ਸਕੂਲ ਦੀਆਂ ਵੱਖ ਵੱਖ ਲੈਬਾਂ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਸਿੱਖਿਆ ਸੁਧਾਰ ਟੀਮ ਦੇ ਇੰਚਾਰਜ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਬਲਾਕ ਕੀਰਤਪੁਰ ਸਾਹਿਬ ਦੇ ਅਧੀਨ ਆਉਂਦੇ ਸ.ਮਿ.ਸਕੂਲ ਹਰਦੋ ਨਿਮੋਹ ਅਤੇ ਸ.ਹ.ਸਕੂਲ ਪ੍ਰਿਥੀਪੁਰ ਦਾ ਵੀ ਦੌਰਾ ਕਰਕੇ ਚਲ ਰਹੇ ਪ੍ਰੀਬੋਰਡ ਪੇਪਰਾਂ ਦਾ ਜਾਇਜ਼ਾ ਲਿਆ ਗਿਆ ਅਤੇ ਮਿਸ਼ਨ ਸ਼ਤ ਪ੍ਰਤੀਸ਼ਤ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਟੀਮ ਨਾਲ ਸੰਜੀਵ ਕੁਮਾਰ ਟੀਮ ਮੈਂਬਰ, ਪ੍ਰਭਜੀਤ ਸਿੰਘ ਟੀਮ ਮੈਂਬਰਾਂ ਤੋਂ ਇਲਾਵਾ ਪ੍ਰਿੰਸੀਪਲ ਸ਼ਰਨਜੀਤ ਕੌਰ, ਲਖਵੀਰ ਸਿੰਘ ਇੰਚਾਰਜ ਭਾਓਵਾਲ ਸਕੂਲ, ਲੈਕ. ਸ਼ਸ਼ੀ ਬਾਲਾ, ਲੈਕ. ਅਰਵਿੰਦਰ ਕੁਮਾਰ, ਲੈਕ. ਹਰਨੇਕ ਸਿੰਘ, ਲੈਕ. ਰਵਿੰਦਰ ਸਿੰਘ, ਲੈਕ. ਬਲਜੀਤ ਕੌਰ ਆਦਿ ਹਾਜ਼ਰ ਸਨ।

ਸਰਪੰਚ ਨਰਿੰਦਰਪਾਲ ਸਿੰਘ ਢਿੱਲੋਂ ਨਹੀ ਰਹੇ

ਆਦਮਪੁਰ (ਪਰਮਜੀਤ ਸਿੰਘ)- ਹਲਕਾ ਆਦਮਪੁਰ ਦੇ ਪਿੰਡ ਮਨਸੂਰਪੁਰ ਦੇ ਸਰਪੰਚ ਐਨ .ਆਰ.ਆਈ . ਨਰਿੰਦਰ ਪਾਲ ਸਿੰਘ ਢਿੱਲੋਂ ਦੀ ਕਨੇਡਾ ਵਿੱਚ ਅਚਨਚੇਤ ਮੌਤ ਹੋਣ ਕਰਕੇ ਇਲਾਕੇ ਅਤੇ ਪਿੰਡ ਵਿੱਚ ਸੋਗ ਦੀ ਲਹਿਰ ਛਾ ਗਈ ਹੈ।

ਬਿਨਪਾਲਕੇ ਤੋਂ ਪ੍ਰਭਾਤ ਫੇਰੀਆਂ ਸ਼ੁਰੂ

ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ) -ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਿੰਡ ਬਿਨਪਾਲਕੇ ਤੋਂ ਪਹਿਲੀ ਪ੍ਰਭਾਤ ਫੇਰੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਤੋਂ ਆਰੰਭ ਹੋ ਕੇ ਕਮਲਜੀਤ ਸਿੰਘ ਸਵਰਗਵਾਸੀ ਸ੍ਰੀ ਗਰੀਬ ਦਾਸ ਜੀ ਦੇ ਗ੍ਰਹਿ ਵਿਖੇ ਪਹੁੰਚੀ। ਜਿੱਥੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਰਾਗੀ ਜਥਾ ਭਾਈ ਸਤਨਾਮ ਸਿੰਘ ਹੁਸੈਨਪੁਰ ਵਾਲਿਆਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨਾਲ ਜੋੜਿਆ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਚਾਹ ਪਕੌੜਿਆਂ ਦੇ ਲੰਗਰ ਵੀ ਅਤੁੱਟ ਵਰਤੇ। ਪਰਵਾਰ ਨੇ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਏ ਡੀ ਜੀ ਪੀ ਅਰਪਿਤ ਸ਼ੁਕਲਾ ਨੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

ਜਲੰਧਰ (ਸੁਰਿੰਦਰ ਕੁਮਾਰ)

ਇਥੇ ਰਾਜ ਪੱਧਰੀ ਮਨਾਏ ਜਾ ਰਹੇ 74ਵੇਂ ਗਣਤੰਤਰ ਦਿਹਾੜੇ ਦੇ ਸਬੰਧ ਵਿੱਚ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡਿਅਮ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿੱਤ ਵੱਲੋ ਰਾਸ਼ਟਰੀ ਝੰਡਾ ਲਹਿਰਾਇਆ ਜਾਣਾ ਹੈ । ਜਿਸ ਦੇ ਸਬੰਧ ਵਿੱਚ ਵੱਡੇ ਪੱਧਰ 'ਤੇ ਜਲੰਧਰ ਸ਼ਹਿਰੀ ਤੇ ਜਲੰਧਰ ਦਿਹਾਤੀ ਦੀ ਪੁਲਸ ਇਸ ਸਮਾਗਮ ਦੇ ਸਬੰਧ ਵਿੱਚ ਸੁਰੱਖਿਆ ਦੇ ਪ੍ਰਬੰਧਾਂ ਨੂੰ ਅੰਤਮ ਰੂਪ ਦੇਣ ਵਿੱਚ ਲੱਗੀ ਹੋਈ ਹੈ। ਇਸੇ ਸਬੰਧ ਵਿੱਚ ਪੰਜਾਬ ਦੇ ਏ ਡੀ ਜੀ ਪੀ ਅਰਪਿੱਤ ਸ਼ੁਕਲਾ ਪੂਰੇ ਬੱਲ ਨਾਲ ਜਲੰਧਰ ਪੁੱਜੇ। ਉਨ੍ਹਾ ਜਲੰਧਰ ਦੇ ਪੁਲਸ ਕਮਿਸ਼ਨਰ ਆਈ ਪੀ ਐਸ ਕੁਲਦੀਪ ਸਿੰਘ ਤੇ ਜਲੰਧਰ ਦਿਹਾਤੀ ਦੇ ਐਸ ਐਸ ਪੀ ਸਵਰਨਦੀਪ ਨਾਲ ਸ਼ਹਿਰ ਵਿੱਚ ਕੀਤੀ ਸੁਰੱਖਿਆ ਦੀ ਵਿਵਸਥਾ ਦਾ ਜਾਇਜਾ ਲਿਆ। ਇਥੇ ਲੱਗਭੱਗ 12 ਸੌ ਪੁਲਸ ਕਰਮਚਾਰੀਆਂ ਦੀ ਤੈਨਾਤੀ ਕੀਤੀ ਗਈ ਹੈ। ਇਸ ਦੇ ਨਾਲ ਹੀ ਏ ਡੀ ਜੀ ਪੀ ਅਰਪਿੱਤ ਸ਼ੁਕਲਾ ਨੇ ਜਲੰਧਰ ਦੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਡੀ ਸੀ ਪੀ ਜੱਗਮੋਹਣ ਸਿੰਘ ਡੀ ਸੀ ਪੀ ਜਸਕਰਨ ਜੀਤ ਸਿੰਘ ਤੇਜਾ ਐਸ ਐਸ ਪੀ ਸਵਰਨਦੀਪ ਸਿੰਘ ਨਾਲ ਇੱਕ ਵਿਸ਼ੇਸ਼ ਬੈਠਕ ਵੀ ਕੀਤੀ। ਉਨ੍ਹਾਂ ਨੇ ਜਲੰਧਰ ਸ਼ਹਿਰ ਵਿੱਚ ਦੂਸਰੇ ਰਾਜਾਂ ਵਿੱਚੋ ਆਉਣ ਵਾਲੀਆਂ ਗੱਡੀਆਂ ਦੀ ਚੈਕਿੰਗ ਨੂੰ ਯਕੀਨੀ ਬਣਾਉਣ ਲਈ ਆਦੇਸ਼ ਜਾਰੀ ਕੀਤੇ ਤੇ ਨਾਲ ਹੀ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਕਾਬੂ ਕਰਨ ਲਈ ਕਿਹਾ। ਇਸ ਤੋਂ ਇਲਾਵਾ ਏ ਡੀ ਜੀ ਪੀ ਨੇ ਏ ਡੀ ਸੀ ਮੇਜਰ ਅਮਿਤ ਮਹਾਜਨ ਨਾਲ ਸਥਾਨਕ ਪ੍ਰਸ਼ਾਸਨਿਕ ਕੰਪਲੈਕਸ ਵਿੱਚ ਮੀਟਿੰਗ ਕੀਤੀ ਤੇ ਨਾਲ ਹੀ ਉਨ੍ਹਾਂ ਨੇ ਸਮਾਗਮ ਸਥਾਨ ਤੇ ਐਬੂਲੈਂਸਾਂ ਵਿੱਚ ਡਾਕਟਰੀ ਟੀਮਾਂ ਵੀ ਤੈਨਾਤ ਕਰਨ ਲਈ ਹੁਕਮ ਜਾਰੀ ਕੀਤੇ।

ਮਿਊਂਸਪਲ ਪੈਨਸ਼ਨਰਜ਼ ਨੂੰ ਦਰਪੇਸ਼ ਆ ਰਹੀਆਂ ਔਕੜਾਂ ਦਾ ਜਲਦ ਹੱਲ ਕਰੇ ਸਰਕਾਰ : ਸ਼ਿੰਗਾਰਾ ਸਿੰਘ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਮਿਊਂਸੀਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਅਤੇ ਸ਼ਿੰਗਾਰਾ ਸਿੰਘ ਸੈਣੀ ਨੂੰ ਸਰਵਸਮਤੀ ਨਾਲ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਚੁਣੇ ਜਾਣ 'ਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਐਸੋਸੀਏਸ਼ਨ ਉੜਮੁੜ ਦੇ ਜਨਰਲ ਸਕੱਤਰ ਅਸ਼ੋਕ ਕੁਮਾਰ ਦੀ ਅਗਵਾਈ 'ਚ ਅੱਜ ਸ਼ਿਮਲਾ ਪਹਾੜੀ ਉੜਮੁੜ ਵਿਖੇ ਇਕ ਸਾਦਾ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ 'ਚ ਐਸੋਸੀਏਸ਼ਨ ਦੇ ਜਿਲਾ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਅਤੇ ਜਿਲ੍ਹਾ ਕਾਨੂੰਨੀ ਮੁੱਖ ਸਲਾਹਕਾਰ ਚੌਧਰੀ ਰਤਨ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਬੀਤੇ ਕਾਫੀ ਸਮੇਂ ਤੋਂ ਮਿਊਂਸੀਪਲ ਪੈਨਸ਼ਨਰਜ਼ ਦੇ ਅਡੈਂਟੀ ਕਾਰਡ ਬਣਾਉਣ ਲਈ ਕਈ ਵਾਰ ਸਰਕਾਰ ਨੂੰ ਅਪੀਲ ਕੀਤੀ ਜਾ ਚੁੱਕੀ ਹੈ, ਪਰ ਸਰਕਾਰ ਵੱਲੋਂ ਅੱਜ ਤੱਕ ਪੈਨਸ਼ਨਰਜ਼ ਦੇ ਅਡੈਂਟੀ ਕਾਰਡ ਬਣਾ ਕੇ ਨਹੀਂ ਦਿੱਤੇ ਗਏ ਜਿਸ ਕਾਰਨ ਪੈਨਸ਼ਨਰਜ਼ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ

26-Jan-PAGE-10.qxd 1/25/2023 10:52 PM Page 1

29 ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਕਰੇਗੀ ਤਿੰਨ ਘੰਟੇ ਰੇਲਾਂ ਦਾ ਚੱਕਾ ਜਾਮ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਕਿਸਾਨੀ ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਅਤੇ ਦਿੱਲੀ ਦੇ ਕਿਸਾਨੀ ਅੰਦੋਲਨ ਦੌਰਾਨ 29 ਜਨਵਰੀ 2021 ਨੂੰ ਜਥੇਬੰਦੀ ਦੇ ਸਟੇਜ 'ਤੇ ਭਾਜਪਾ ਦੇ ਗੁੰਡਿਆਂ ਵੱਲੋਂ ਕੀਤੇ ਗਏ ਹਮਲੇ ਦੇ ਵਿਰੋਧ ਵਿੱਚ ਗਣਤੰਤਰ ਦਿਵਸ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ ਵਿਖੇ ਦਿੱਲੀ ਫਤਿਹ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਤੇ ਜ਼ਿਲ੍ਹਾ ਤਰਨਤਾਰਨ ਤੋਂ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਨੇ ਕਿਹਾ ਕਿ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ 51 ਦਿਨ ਡੀਸੀ ਦਫਤਰਾਂ ਅੱਗੇ, 15 ਦਸੰਬਰ ਤੋਂ 15 ਜਨਵਰੀ ਤੱਕ ਟੋਲ ਪਲਾਜ਼ਿਆਂ 'ਤੇ ਅਤੇ 11 ਜਨਵਰੀ ਨੂੰ ਪ੍ਰਦੂਸ਼ਣ ਬੋਰਡ ਦੇ ਦਫਤਰਾਂ ਅੱਗੇ ਧਰਨੇ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ, ਪਰ ਪੰਜਾਬ ਸਰਕਾਰ ਨੇ ਕੜਾਕੇ ਦੀ ਠੰਡ 'ਚ ਧਰਨੇ 'ਤੇ ਬੈਠੇ ਕਿਸਾਨਾਂ ਨਾਲ ਗੱਲਬਾਤ ਕਰਨਾ ਜ਼ਰੂਰੀ ਨਹੀਂ ਸਮਝਿਆ, ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ ਅੱਜ ਗਣਤੰਤਰ ਦਿਵਸ ਨੂੰ ਦਿੱਲੀ ਫਤਿਹ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਕਿਸਾਨਾਂ ਨਾਲ ਕੀਤੇ ਵਾਅਦੇ ਅਨੁਸਾਰ ਐੱਮਐੱਸਪੀ ਨੂੰ ਕਾਨੂੰਨੀ ਰੂਪ ਦੇ ਕੇ ਲਾਗੂ ਨਾ ਕਰਨ ਦੇ ਵਿਰੋਧ ਵਿੱਚ 29 ਜਨਵਰੀ ਨੂੰ 3 ਘੰਟੇ ਲਈ ਰੇਲਾਂ ਦਾ ਚੱਕਾ ਜਾਮ ਕਰਕੇ ਸਰਕਾਰਾਂ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇ ਸਰਕਾਰਾਂ ਫਿਰ ਵੀ ਜਥੇਬੰਦੀ ਨਾਲ ਗੱਲਬਾਤ ਕਰਕੇ ਕਿਸਾਨੀ ਮੰਗਾਂ ਦਾ ਹੱਲ ਨਹੀਂ ਕਰਦੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ।

ਇਸ ਮੌਕੇ ਰਣਜੀਤ ਸਿੰਘ ਚੀਮਾ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਕਾਰਪੋਰੇਟ ਜਗਤ ਵੱਲੋਂ ਲੋਕਾਂ ਦੇ ਹੱਥਾਂ ਵਿੱਚੋਂ ਰੋਜ਼ੀ ਰੋਟੀ ਖੋਹਣ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਜਗਤ ਨੂੰ ਸਥਾਪਿਤ ਕਰਨ ਅਤੇ ਕਿਸਾਨੀ ਨੂੰ ਖਤਮ ਕਰਨ ਲਈ ਦਿਨ-ਰਾਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਗਣਤੰਤਰ ਦਿਵਸ ਮੌਕੇ ਕਾਲੇ ਝੰਡਿਆਂ ਨਾਲ ਹੋਵੇਗਾ ਪ੍ਰਦਰਸ਼ਨ

ਜਲੰਧਰ (ਰਾਜੇਸ਼ ਬਾਬਾ, ਸ਼ੈਲੀ ਐਲਬਰਟ)

ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਬੁੱਧਵਾਰ ਵੀ ਜਾਰੀ ਰਿਹਾ। ਗਣਤੰਤਰ ਦਿਵਸ ਮੌਕੇ ਗਵਰਨਰ ਪੰਜਾਬ ਦੀ ਆਮਦ 'ਤੇ ਕਾਲੇ ਝੰਡਿਆਂ ਨਾਲ ਪ੍ਰਦਰਸਨ ਕੀਤਾ ਜਾਵੇਗਾ। ਇਸ ਸੰਬੰਧੀ ਤਿਆਰੀਆਂ ਮੁਕੰਮਲ ਹਨ। ਮੰਗਾਂ ਦੇ ਠੋਸ ਨਿਪਟਾਰੇ ਲਈ ਕੱਲ੍ਹ ਨੂੰ ਅਗਲੇ ਸੰਘਰਸ ਦਾ ਐਲਾਨ ਕੀਤਾ ਜਾਵੇਗਾ। ਮੋਰਚੇ ਦੇ ਆਗੂਆਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸੰਤੋਖ ਸਿੰਘ ਸੰਧੂ, ਜਥੇਦਾਰ ਕਸਮੀਰ ਸਿੰਘ ਜੰਡਿਆਲਾ, ਤਰਸੇਮ ਸਿੰਘ ਵਿੱਕੀ ਜੈਨਪੁਰ, ਕਸਮੀਰ ਸਿੰਘ ਘੁੱਗਸੋਰ,ਡਾਕਟਰ ਗੁਰਦੀਪ ਸਿੰਘ ਭੰਡਾਲ,ਹੰਸ ਰਾਜ ਪੱਬਵਾਂ, ਸੁਖਜੀਤ ਸਿੰਘ ਡਰੋਲੀ, ਪਰਮਿੰਦਰ ਸਿੰਘ ਮਿੰਟੂ, ਬਲਜਿੰਦਰ ਕੌਰ, ਹਰਜਿੰਦਰ ਕੌਰ, ਸਰਬਜੀਤ ਸਿੰਘ, ਗੁਰਬਖਸ ਸਿੰਘ ਮੰਗਾ ਨੇ ਕਿਹਾ ਕਿ ਲਤੀਫਪੁਰਾ ਦਾ ਮਸਲਾ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਗਲੇ ਦੀ ਹੱਡੀ ਬਣੇਗਾ ਅਤੇ ਸਰਕਾਰ ਨੂੰ ਇਸ ਦੀ ਸਿਆਸੀ ਕੀਮਤ ਅਦਾ ਕਰਨੀ ਪਵੇਗੀ। ਲਤੀਫਪੁਰਾ ਇਲਾਕੇ ਦੇ ਲੋਕਾਂ ਨੂੰ ਉਜਾੜੇ ਵਾਲੀ ਜਗ੍ਹਾ ਉੱਪਰ ਹੀ ਵਸਾਉਣ ਅਤੇ ਪੀੜਤਾਂ ਦੇ ਹੋਏ ਨੁਕਸਾਨ ਦਾ ਬਣਦਾ ਉਚਿਤ ਮੁਆਵਜਾ ਦਿਵਾਉਣ ਤੱਕ ਸੰਘਰਸ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਉਸ ਵਕਤ ਜਿਸ ਤਰ੍ਹਾਂ ਦੇ ਹਾਲਾਤ ਬਣੇ ਹੋਏ 10 ਲੱਖ ਲੋਕ ਮਾਰੇ ਗਏ ਸਨ, ਲੱਖਾਂ ਔਰਤਾਂ ਦੀ ਇੱਜਤ ਲੁੱਟੀ ਗਈ ।ਉਸ ਸਮੇਂ ਲੋਕਾਂ ਕੋਲ ਆਪਣੀ ਜਾਨ ਆਪਣੀ ਇੱਜਤ ਤੇ ਸਿਰ ਤੇ ਛੱਤ ਤੇ ਰੋਟੀ ਦੀ ਜਰੂਰਤ ਸੀ । ਉਸ ਸਮੇਂ ਲੋਕਾਂ ਕੋਲ ਆਪਣੇ ਉਜਾੜੇ ਦੇ ਸਬੂਤ ਸਾਂਭਣ ਦਾ ਸੁੱਝ ਹੀ ਨਹੀਂ ਸਕਦਾ ਸੀ। ਰੋਜਾਨਾ ਵਾਂਗ ਵਰਦੇ ਮੀਂਹ ਵਿੱਚ ਮੋਰਚਾ ਉੱਪਰ ਲੋਕ ਡਟੇ ਰਹੇ ਅਤੇ ਮੁੱਖ ਮੰਤਰੀ ਤੇ ਚੇਅਰਮੈਨ ਇੰਮਰੂਵਮੈਂਟ ਟਰੱਸਟ ਦਾ ਪੁਤਲਾ ਫੂਕ ਕੇ ਜੋਰਦਾਰ ਨਾਅਰੇਬਾਜੀ ਕੀਤੀ ਗਈ। ਜਿਕਰਯੋਗ ਹੈ ਕਿ ਵਰਦੇ ਮੀਂਹ ਦੇ ਕਾਰਨ ਮੁਸਕਲਾਂ ਵਿੱਚ ਘਿਰੇ ਲੋਕਾਂ ਨੂੰ ਹੋਰ ਵੀ ਮੁਸਕਲਾਂ ਨਾਲ ਜੂਝਣਾ ਪਿਆ।

ਮਾਨਵਤਾ ਲਾਇਬ੍ਰੇਰੀ ਅੱਟੀ ਵਿਖੇ ਪਲਸ ਮੰਚ ਦੀ ਮੁਹਿੰਮ ਦਾ ਆਗਾਜ਼

ਜਲੰਧਰ (ਰਾਜੇਸ਼ ਬਾਬਾ)

ਪੰਜਾਬ ਦੇ ਵੱਖ-ਵੱਖ ਖੇਤਰਾਂ ਅੰਦਰ ਲੋਕ ਪੱਖੀ ਇਨਕਲਾਬੀ ਸਭਿਆਚਾਰ ਲਹਿਰ ਤਹਿਤ ਮਾਨਵਤਾ ਲਾਇਬ੍ਰੇਰੀ ਅੱਟੀ ਵਿਖੇ ਕਰਵਾਇਆ ਗਿਆ ਸੱਭਿਆਚਾਰ ਮੁਹਿੰਮ ਦਾ ਆਗਾਜ਼। ਜਿਸ ਵਿੱਚ ਮੁੱਖ ਮਹਿਮਾਨ ਬਲਦੇਵ ਸਿੰਘ ਰਹਿਪਾ ਜਨਰਲ ਸਕੱਤਰ ਤਰਕਸੀਲ ਰੈਸਨੇਲਿਸਟ ਸੁਸਾਇਟੀ (ਕਨੇਡਾ) ਵਿਸੇਸ ਤੌਰ ਤੇ ਪਹੁੰਚੇ ਅਤੇ ਆਪਣੇ ਵੱਡਮੁਲੇ ਵਿਚਾਰ ਰੱਖੇ। ਉਹਨਾਂ ਨੇ ਦੁਨੀਆਂ ਭਰ 'ਚ ਵਸਦੇ ਪੰਜਾਬੀਆਂ ਵਿੱਚ ਲੋਕ ਪੱਖੀ ਸਾਹਿਤ ਸਭਿਆਚਾਰ ਲਿਜਾਣ ਲਈ ਮਿਲਕੇ ਉੱਦਮ ਜੁਟਾਉਣ ਤੇ ਜੋਰ ਦਿੱਤਾ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ 25 ਜਨਵਰੀ ਤੋਂ 31 ਜਨਵਰੀ ਤੱਕ ਸਾਹਿਤਕ ਸਭਿਆਚਾਰਕ ਸਰਗਰਮੀਆਂ ਕਰਨ ਦਾ ਟੀਚਾ ਮਿੱਥਿਆ ਸੀ ਪਰ ਲੋਕਾਂ ਦਾ ਹੁੰਗਾਰਾ ਐਨਾ ਹੈ ਕਈ ਦਿਨ ਪਹਿਲਾਂ ਹੀ ਸੁਰੂ ਹੋਏ ਸਮਾਗਮ 31 ਜਨਵਰੀ ਤੋਂ ਬਾਅਦ ਤੱਕ ਵੀ ਜਾਰੀ ਰਹਿਣਗੇ। ਉਹਨਾਂ ਕਿਹਾ ਕਿ ਲੋਕ ਪੱਖੀ ਸਾਹਿਤ ਸਭਿਆਚਾਰ ਕਲਮ ਕਲਾ ਅਤੇ ਲੋਕਾਂ ਦੀ ਜੋਟੀ ਨਾਲ ਹੀ ਡੂੰਘੀਆਂ ਜੜ੍ਹਾਂ ਫੜ ਸਕਦਾ ਹੈ। ਇਸ ਮੌਕੇ ਪ੍ਰੋ ਅੰਮ੍ਰਿਤ ਲਾਲ ਅਤੇ ਬਲਦੇਵ ਰਹਿਪਾ ਦਾ ਸਨਮਾਨ ਵੀ ਕੀਤਾ ਗਿਆ। ਮਹਿਫਲ ਚ ਪ੍ਰੋਫੈਸਰ ਅੰਮ੍ਰਿਤ ਲਾਲ ਜੀ ਨੇ ਸੰਜੀਦਾ ਲੋਕ ਪੱਖੀ ਗਾਇਕੀ ਨਾਲ ਰੰਗ ਬੰਨ੍ਹਿਆਂ।ਇਸ ਤੋਂ ਇਲਾਵਾ ਧਰਮਿੰਦਰ ਮਸਾਣੀ, ਹਰਸ ਬਿਲਗਾ, ਨਰਗਿਸ ਨਗਰ, ਨੇ ਇਨਕਲਾਬੀ ਗੀਤ ਪੇਸ ਕੀਤੇ। ਵਿਸੇਸ ਤੌਰ ਤੇ ਪਹੁੰਚੇ ਮਾਸਟਰ ਅਵਤਾਰ ਲਾਲ, ਮਾਸਟਰ ਪ੍ਰਦੀਪ ਰਾਜਪੁਰਾ, ਖੁਸੀ ਰਾਮ, ਸੰਦੀਪ ਮੀਓਵਾਲ,ਦੇਵ ਰਾਜ, ਤੀਰਥ

ਰਸੂਲਪੁਰੀ, ਨੰਦ ਲਾਲ, ਬਲਰਾਜ ਸੋਢੀ, ਮਨਦੀਪ ਸਿੰਘ, ਕਮਲਜੀਤ ਸਿੰਘ,ਰੋਹਿਨ ਸੁਰਜੀਤ, ਚੱਕ ਦੇਸ ਰਾਜ, ਕੁਲਵੰਤ ਕੌਰ ਨਗਰ, ਮੰਗਤ ਰਾਏ, ਅੰਮ੍ਰਿਤ ਨਗਰ, ਤੇ ਬਹੁਤ ਸਾਰੇ ਸਾਥੀ ਹਾਜਰ ਹੋਏ। ਮੰਗਤ ਮੰਗਾਂ ਚੱਕਦੇਸਰਾਜ ਨੇ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਈ। ਆਖਿਰ ਚ ਜਸਵਿੰਦਰ ਪੱਪੀ ਨੇ ਸਭਨਾਂ ਦਾ ਧੰਨਵਾਦ ਕੀਤਾ।

ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ

ਕਪੂਰਥਲਾ, (ਹਨੀ)

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ 17ਵੇਂ ਸਾਲਾਨਾ ਇਨਾਮ ਵੰਡ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ। ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਅਤੇ ਡਾ. ਨਵਜੋਤ ਕੌਰ ਤੇ ਐਡਵੋਕੇਟ ਰਾਜਵੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਇਨਾਮ ਵੰਡ ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵਾਹਿਗੁਰੂ ਜੀ ਦਾ ਓਟ ਆਸਰਾ ਲੈਂਦਿਆਂ ਸ਼ਬਦ ਗਾਇਨ ਨਾਲ ਕੀਤੀ। ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਲਗਾਇਆ ਸਾਇੰਸ ਮੇਲਾ ਅਤੇ ਕਲਾ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਰਹੀ। ਇੰਜੀਨੀਅਰ ਸਵਰਨ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਅਕਾਦਮਿਕ, ਸਪੋਰਟਸ ਅਤੇ ਸੱਭਿਆਚਾਰ ਦੇ ਖੇਤਰ 'ਚ ਜੋ ਵੱਡੀਆਂ ਮੱਲਾਂ ਮਾਰੀਆਂ ਹਨ, ਸੰਸਥਾ ਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਬੋਲਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਸਮਾਗਮ 'ਚ ਹਿੱਸਾ ਲੈਣ ਵਾਲੇ ਅਤੇ ਇਨਾਮ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਮਾਗਮ ਦੇ ਅੰਤ ਵਿਚ ਅਕਾਦਮਿਕ, ਸਪੋਰਟਸ ਅਤੇ ਸੱਭਿਆਚਾਰਕ ਖੇਤਰ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਬੇਨੰਤਨੂਰ ਸਿੰਘ, ਬਲਬੀਰ ਸਿੰਘ ਭਗਤ, ਬਲਜੀਤ ਸਿੰਘ ਬਾਜਵਾ, ਨੰਦ ਸਿੰਘ ਬਿਧੀਪੁਰ, ਜਸਪਾਲ ਸਿੰਘ, ਡਾ. ਜਗਜੀਤ ਸਿੰਘ ਵਧਵਾ, ਜਸਵਿੰਦਰ ਕੌਰ ਸਾਬਕਾ ਸਰਪੰਚ ਟਿੱਬਾ, ਬਲਜੀਤ ਕੌਰ ਕਮਾਲਪੁਰ, ਅਮਰਜੀਤ ਸਿੰਘ ਮੰਗੀ, ਸੁਖਬੀਰ ਸਿੰਘ ਮੋਗਾ, ਸੁਖਰਾਜ ਕੌਰ ਪ੍ਰਿੰਸੀਪਲ ਨਨਕਾਣਾ ਸਾਹਿਬ ਖਾਲਸਾ ਸਕੂਲ, ਰਣਜੀਤ ਸਿੰਘ ਬਿਧੀਪੁਰ, ਕਰਮਜੀਤ ਸਿੰਘ ਚੇਲਾ, ਸਰਵਣ ਸਿੰਘ ਚੰਦੀ, ਮਧੂ ਵਾਲੀਆ ਕਪੂਰਥਲਾ, ਮੈਡਮ ਨਰਿੰਦਰ ਪੱਤੜ, ਰਣਧੀਰ ਸਿੰਘ, ਰੇਨੂੰ ਬਾਲਾ, ਜਸਵਿੰਦਰ ਸਿੰਘ, ਅਨੀਤਾ ਸਹਿਗਲ, ਰਜਨੀ ਅਰੋੜਾ, ਰਣਜੀਤ ਸਿੰਘ, ਨੀਲਮ ਕਾਲੜਾ, ਪਰਮਿੰਦਰ ਕੌਰ, ਮੀਨਾਕਸ਼ੀ, ਹਰਜਿੰਦਰ ਸਿੰਘ, ਸਿੰਦਰਪਾਲ ਕੌਰ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਦਲਜੀਤ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ, ਪ੍ਰਿੰਸੀਪਲ ਰੇਨੂੰ ਅਰੋੜਾ ਸੁਲਤਾਨਪੁਰ ਲੋਧੀ, ਮੈਡਮ ਸੁਨੀਤਾ ਗੂਜਰਾਲ, ਸ਼ਬਨਮ ਘੁੰਮਣ, ਰਮਨ ਚਾਵਲਾ, ਸ਼ੀਲਾ ਸ਼ਰਮਾ ਸੀਮਾ, ਮਨਪ੍ਰੀਤ ਕੌਰ, ਰਮਨਦੀਪ ਕੌਰ, ਹੁਸਿਆਰ ਸਿੰਘ, ਵੇਸ਼ਨਵੀ, ਹਰਲੀਨ ਕੌਰ, ਅਮਰਦੀਪ ਕੌਰ, ਸਿਮਰਨਜੀਤ ਕੌਰ, ਸੰਦੀਪ ਕੌਰ, ਪਰਮਜੀਤ ਕੌਰ, ਦੀਪਿਕਾ, ਮਨਜੀਤ ਕੌਰ, ਪੂਜਾ ਜੌਲੀ, ਪੂਜਾ ਸ਼ਰਮਾ, ਜਸਵਿੰਦਰ ਕੌਰ, ਅਮਰ ਕੁਮਾਰ, ਸਵਿਤਾ ਸ਼ਰਮਾ, ਅਮਨਦੀਪ ਕੌਰ, ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ ।

ਸੰਤ ਬਾਬਾ ਗੁਰਬਖਸ਼ ਸਿੰਘ ਜੋਤੀਸਰ ਵਾਲਿਆਂ ਦੀ ਯਾਦ 'ਚ ਸਾਲਾਨਾ ਸਮਾਗਮ ਕਰਵਾਇਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)

ਸ਼ਹਿਰ ਜੰਡਿਆਲਾ ਗੁਰੂ ਵਿਖੇ ਸਥਿਤ ਤਪ ਅਸਥਾਨ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਸਾਹਿਬ ਵਿਖੇ ਸ਼੍ਰੀਮਾਨ 108 ਸੰਤ ਬਾਬਾ ਗੁਰਬਖਸ਼ ਸਿੰਘ ਜੀ ਦੀ ਨਿੱਘੀ ਮਿੱਠੀ ਯਾਦ ਵਿਚ 64ਵਾਂ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ 31 ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ ਅਤੇ ਬਾਬਾ ਸੁੱਖਾ ਸਿੰਘ ਜੀ ਵੱਲੋਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਭਾਰੀ ਦੀਵਾਨ ਸਜਾਏ ਗਏ ਜਿਸ ਵਿੱਚ ਦੀਵਾਨ ਦੀ ਆਰੰਭਤਾ ਗੁਰੂ ਸਾਹਿਬ ਤੋਂ ਆਗਿਆ ਲੈਂਦਿਆਂ ਹੋਇਆਂ ਹੁਕਮਨਾਮੇ ਉਪਰੰਤ ਬੀਬੀਆਂ ਦੇ ਕੀਰਤਨੀ ਜਥੇ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਦੇ ਕੀਰਤਨ ਕਰਕੇ ਦੀਵਾਨ ਸਜਾਏ ਗਏ ਅਤੇ ਦੀਵਾਨਾਂ ਦੇ ਅਗਲੇ ਪੜਾਅ ਵਿੱਚ ਕਵੀਸ਼ਰੀ ਜਥੇ ਭਾਈ ਭਗਵੰਤ ਸਿੰਘ ਸੂਰਵਿੰਡ ਵਾਲੇ, ਭਾਈ ਗੁਰਨਾਮ ਸਿੰਘ ਮੱਲੀਆਂ, ਭਾਈ ਗੁਰਜੰਟ ਸਿੰਘ ਬਾਲੀਆ ਅਤੇ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕਵਿਤਾਵਾਂ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਕਥਾਵਾਚਕ ਡੇਹਰੀਵਾਲ ਭਾਈ ਫਤਿਹ ਸਿੰਘ ਨੇ ਧੁਰ ਕੀ ਬਾਣੀ ਇਲਾਹੀ ਬਾਣੀ ਦੀਆਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਾ ਕੀਤਾ। ਅੰਤ ਵਿੱਚ ਤੱਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਸੰਤਾਂ ਮਹਾਂਪੁਰਖਾਂ, ਆਏ ਜਥਿਆਂ ਅਤੇ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਦੇ ਪਿਆਰ ਸਦਕਾ ਹਰ ਸਾਲ ਸੰਤਾਂ ਮਹਾਪੁਰਖਾਂ ਦੀ ਯਾਦ ਵਿੱਚ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਅਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜੋ ਵੀਹ ਤਰੀਕ ਤੋਂ ਲੈ ਕੇ ਅੱਜ 24 ਜਨਵਰੀ ਨੂੰ ਸਮਾਪਤੀ ਦੇ ਸਮਾਗਮ ਵਿੱਚ ਤਨ ਮਨ ਧਨ ਨਾਲ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ

26-Jan-2023-page-11-Majha.qxd 1/25/2023 10:40 PM Page 1

ਮੌਜੂਦਾ ਸਿਆਸੀ ਹਾਲਾਤ ਸੰਬੰਧੀ ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਵੱਲੋਂ ਅਹਿਮ ਮੀਟਿੰਗ

ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)-ਸੀਪੀਆਈ ਐੱਮਐੱਲ ਲਿਬਰੇਸ਼ਨ ਦੀ ਵਿਸਥਾਰਤ ਮੀਟਿੰਗ ਲੋਹਾਰਕਾ ਰੋਡ ਦੇ ਪਾਰਟੀ ਦਫਤਰ ਵਿਖੇ ਕਾਮਰੇਡ ਜਸਬੀਰ ਕੌਰ ਹੇਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤੂਪੁਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਪੰਜਾਬ ਅਤੇ ਦੇਸ਼ ਦੀ ਮੌਜੂਦਾ ਰਾਜਨੀਤਕ ਸਥਿਤੀ ਉਪਰ ਚਰਚਾ ਕਰਦਿਆਂ ਕਾਮਰੇਡ ਗੁਰਮੀਤ ਸਿੰਘ ਬੱਖਤੂਪੁਰਾ ਅਤੇ ਮਾਝਾ ਜ਼ੋਨ ਦੇ ਸਕੱਤਰ ਬਲਬੀਰ ਸਿੰਘ ਮੂਧਲ ਨੇ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਸੰਘੀ ਢਾਂਚੇ ਨੂੰ ਤੋੜਨ ਲਈ ਖੁੱਲ੍ਹੇਆਮ ਰਾਜਨੀਤੀ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪਛਮੀ ਬੰਗਾਲ, ਤੇਲੰਗਾਨਾ, ਦਿੱਲੀ, ਕੇਰਲਾ ਅਤੇ ਤਾਮਿਲਨਾਡੂ ਪ੍ਰਾਂਤਾਂ ਵਿਚ ਗਵਰਨਰਾਂ ਰਾਹੀਂ ਕੇਂਦਰ ਪ੍ਰਾਂਤਕ ਸਰਕਾਰਾਂ ਨਾਲ ਗੈਰ-ਸੰਵਿਧਾਨਕ ਟਕਰਾ ਪੈਦਾ ਕਰ ਰਿਹਾ ਹੈ। ਹੁਣ ਮੋਦੀ ਸਰਕਾਰ ਨੇ ਪੰਜਾਬ ਵਿੱਚ ਵੀ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੋਹਤ ਰਾਹੀਂ ਆਪਣੇ ਦਖਲ ਨੂੰ ਤੇਜ਼ ਕਰ ਦਿੱਤਾ ਹੈ। ਪੰਜਾਬ ਗਵਰਨਰ ਇਕ ਅਤੇ ਦੋ ਫਰਵਰੀ ਨੂੰ ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਦੇ ਸਰਪੰਚਾਂ ਨਾਲ ਮਿਲਣੀ ਕਰਨ ਜਾ ਰਹੇ ਹਨ ਜੋ ਸਰਾਸਰ ਗੈਰ-ਸੰਵਿਧਾਨਕ ਅਤੇ ਸੰਘੀ ਢਾਂਚੇ ਦੀ ਮਰਿਆਦਾ ਦੀ ਘੋਰ ਉਲੰਘਣਾ ਹੈ। ਕੇਂਦਰ ਦੀ ਇਹ ਨੀਤੀ ਸਾਬਿਤ ਕਰਦੀ ਹੈ ਕਿ ਗਵਰਨਰ ਕੇਂਦਰ ਸਰਕਾਰ ਦੇ ਏਜੰਟ ਹਨ। ਬੱਖਤਪੁਰਾ ਨੇ ਕਿਹਾ ਕਿ ਮਾਨ ਸਰਕਾਰ ਨੂੰ ਗਵਰਨਰ ਦੇ ਪੰਜਾਬ ਦੌਰੇ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਭਵਿੱਖ ਵਿੱਚ ਇਸ ਵਰਤਾਰੇ ਨੂੰ ਰੋਕਣ ਲਈ ਸਰਬ ਪਾਰਟੀ ਮੀਟਿੰਗ ਸਦਣੀ ਚਾਹੀਦੀ ਹੈ ਕਿਉਂਕਿ ਗਵਰਨਰ ਦਾ ਰੋਲ ਸਰਕਾਰ ਦੇ ਅਧਿਕਾਰ ਖੇਤਰ ਵਿਚ ਸਿੱਧਾ ਦਖਲ ਹੈ ਜਿਸ ਨੂੰ ਰੋਕਣਾ ਸਾਰੇ ਪੰਜਾਬੀਆਂ ਦੀ ਜ਼ਿੰਮੇਵਾਰੀ ਹੈ।

ਮੀਟਿੰਗ ਵਿੱਚ ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੇ ਐਲਾਨ ਪਿਛੋਂ ਨੋਟੀਫਿਕੇਸ਼ਨ ਜਾਰੀ ਨਾ ਕਰਨ ਦੀ ਸਖਤ ਨਿੰਦਾ ਕਰਦਿਆਂ ਕਿਹਾ ਗਿਆ ਕਿ ਮਾਨ ਸਰਕਾਰ ਹਰ ਪਖੋਂ ਨਿਕੰਮੀ ਸਾਬਤ ਹੋ ਰਹੀ ਹੈ।

ਮੀਟਿੰਗ ਵਿੱਚ ਮੰਗਲ ਸਿੰਘ ਧਰਮਕੋਟ, ਲਖਬੀਰ ਸਿੰਘ ਅਜਨਾਲਾ, ਮੇਜਰ ਸਿੰਘ ਮਿਆਦੀਆ, ਨਿਰਮਲ ਸਿੰਘ ਛੱਜਲਵੱਡੀ, ਮਨਜੀਤ ਸਿੰਘ, ਮਦਨਜੀਤ ਸਿੰਘ ਕਾਦਰਾਬਾਦ, ਦਲਵਿੰਦਰ ਸਿੰਘ ਪੰਨੂ, ਨਰਿੰਦਰ ਤੇੜਾ ਅਤੇ ਸ਼ਮਸ਼ੇਰ ਸਿੰਘ ਹੇਰ ਆਦਿ ਹਾਜ਼ਰ ਸਨ।

ਕਿਸਾਨਾਂ ਨੂੰ ਉੱਚ ਮਿਆਰੀ ਖੇਤੀ ਇਨਪੁਟਸ ਹੀ ਮੁਹੱਈਆ ਕਰਵਾਏ ਜਾਣ: ਮੁੱਖ ਖੇਤਬਾੜੀ ਅਫਸਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਅੰਮ੍ਰਿਤਸਰ ਦੇ ਮੁੱਖ ਖੇਤਬਾੜੀ ਅਫਸਰ ਜਤਿੰਦਰ ਸਿੰਘ ਗਿੱਲ ਦੀ ਯੋਗ ਅਗਵਾਈ ਵਿੱਚ ਖੇਤੀਬਾੜੀ ਵਿਭਾਗ ਦੇ ਜ਼ਿਲ੍ਹਾ ਪੱਧਰੀ ਉੱਡਣ ਦਸਤੇ ਵੱਲੋਂ ਬਲਾਕ ਅਜਨਾਲਾ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਕਿਸਾਨਾਂ ਨੂੰ ਉੱਚ ਮਿਆਰ ਦੇ ਖੇਤੀ ਇਨਪੁਟਸ ਮੁੱਹਈਆ ਕਰਵਾਉਣ ਤਹਿਤ ਖਾਦ/ਦਵਾਈ/ਬੀਜ ਵਿਕਰੇਤਾਵਾਂ ਦੀ ਚੈਕਿੰਗ ਕੀਤੀ ਗਈ ਅਤੇ ਖਾਦਾਂ/ਕੀੜੇਮਾਰ ਦਵਾਈਆਂ ਦੇ ਸੈਂਪਲ ਭਰੇ ਗਏ ਅਤੇ ਸਮੁੱਚੇ ਜ਼ਿਲ੍ਹੇ ਵਿੱਚ ਕੁਆਲਿਟੀ ਕੰਟਰੋਲ ਦੇ ਕੰਮ ਨੂੰ ਮੁੱਖ ਰੱਖਦਿਆਂ ਡੀਲਰਾਂ ਦੀ ਚੈਕਿੰਗ ਸਬੰਧੀ ਮੁਹਿੰਮ ਚਲਾਈ ਗਈ।

ਇਸ ਦੌਰਾਨ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਜਤਿੰਦਰ ਸਿੰਘ ਗਿੱਲ ਵੱਲੋਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੱਖ-ਵੱਖ ਫਸਲਾਂ ਲਈ ਸਿਫਾਰਸ਼ ਕੀਤੇ ਉੱਚ ਮਿਆਰ ਦੇ ਰਜਿਸਟਰਡ ਖੇਤੀ ਇਨਪੁਟ (ਖਾਦ, ਬੀਜ, ਦਵਾਈ) ਵੇਚਣਾ ਯਕੀਨੀ ਬਣਾਉਣ ਅਤੇ ਹਰ ਕਿਸਾਨ ਨੂੰ ਉਸ ਵੱਲੋਂ ਖਰੀਦ ਕੀਤੀ ਗਈ ਖੇਤੀ ਸਮੱਗਰੀ ਦਾ ਪੱਕਾ ਬਿੱਲ ਦੇਣਾ ਲਾਜ਼ਮੀ ਬਣਾਉਣ, ਕਿਸੇ ਖੇਤੀ ਇਨਪੁਟ ਨਾਲ ਦੂਜੇ ਖੇਤੀ ਇਨਪੁਟ ਦੀ ਟੈਗਿੰਗ ਨਾ ਕੀਤੀ ਜਾਵੇ ਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਵਾਲੇ ਡੀਲਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਪੱਧਰੀ ਉੱਡਣ ਦਸਤੇ ਦੇ ਮੈਂਬਰ ਗੁਰਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ), ਗੁਰਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ (ਪੀ. ਪੀ.) ਰਸ਼ਪਾਲ ਸਿੰਘ ਬੰਡਾਲਾ ਖੇਤਬਾੜੀ ਵਿਕਾਸ ਅਫਸਰ (ਬੀਜ), ਜੋਗਰਾਜਬੀਰ ਸਿੰਘ ਖੇਤੀਬਾੜੀ ਅਫਸਰ ਅਜਨਾਲਾ, ਪ੍ਰਭਜੋਤ ਕੌਰ ਵਿਕਾਸ ਅਫਸਰ ਅਜਨਾਲਾ ਅਤੇ ਹੋਰ ਖੇਤੀ ਸਟਾਫ ਮੈਂਬਰ ਬਲਾਕ ਅਜਨਾਲਾ ਹਾਜ਼ਰ ਸਨ।

ਪਿੰਡ ਭਰੋ ਹਾਰਨੀ ਦੇ ਨੌਜਵਾਨ ਦੀ ਕੈਨੇਡਾ 'ਚ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਅਤੇ ਖਾਸ ਕਰਕੇ ਵਿੱਦਿਆ ਹਾਸਲ ਕਰਨ ਗਏ ਨੌਜਵਾਨਾਂ ਦੀ ਮੌਤ ਦੀ ਖਬਰ ਅਕਸਰ ਹੀ ਸੁਣਨ ਨੂੰ ਮਿਲਦੀ ਹੈ। ਅਜਿਹਾ ਹੀ ਇਕ ਮਾਮਲਾ ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਭਰੋ ਹਾਰਨੀ ਦੇ ਇੱਕ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟਿਆ ਹੈ। ਪਿੰਡ ਭਰੋ ਹਾਰਨੀ ਦੇ ਵਸਨੀਕ ਏਐੱਸਆਈ ਅਮਰੀਕ ਸਿੰਘ ਦੇ ਟੋਰੰਟੋ ਰਹਿੰਦੇ ਹੋਣਹਾਰ ਲੜਕੇ ਗੁਰਪ੍ਰਤਾਪ ਸਿੰਘ ਦੀ ਮੌਤ ਦੀ ਖਬਰ ਮਿਲੀ ਹੈ।

ਮ੍ਰਿਤਕ ਗੁਰਪ੍ਰਤਾਪ ਸਿੰਘ ਦੇ ਪਿਤਾ ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਗੁਰਪ੍ਰਤਾਪ ਸਿੰਘ 5 ਸਾਲ ਪਹਿਲਾਂ ਕੈਨੇਡਾ ਵਿੱਚ ਸਟੱਡੀ ਵੀਜ਼ੇ 'ਤੇ ਗਿਆ ਸੀ। ਉਹ ਇਸ ਸਮੇਂ ਦੌਰਾਨ ਟੋਰੰਟੋ ਸ਼ਹਿਰ ਵਿਖੇ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਨੂੰ ਐੱਨ ਆਰ ਆਈ ਥਾਣਾ ਗੁਰਦਾਸਪੁਰ ਰਾਹੀਂ ਗੁਰਪ੍ਰਤਾਪ ਸਿੰਘ ਦੀ ਮੌਤ ਦਾ ਵੇਰਵਾ ਭੇਜਿਆ ਗਿਆ ਹੈ। ਮ੍ਰਿਤਕ ਨੌਜਵਾਨ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਰਪ੍ਰਤਾਪ ਸਿੰਘ ਦਾ ਕਦੀ-ਕਦੀ ਫੋਨ ਆਉਂਦਾ ਸੀ ਅਤੇ ਹੁਣ ਇਕ ਮਹੀਨੇ ਤੋਂ ਕਿਸੇ ਵੀ ਪਰਿਵਾਰਕ ਮੈਂਬਰ ਦੀ ਗੁਰਪ੍ਰਤਾਪ ਨਾਲ ਕੋਈ ਗੱਲਬਾਤ ਨਹੀਂ ਹੋਈ ਸੀ। ਏਐੱਸਆਈ ਅਮਰੀਕ ਸਿੰਘ ਨੇ ਦੱਸਿਆ ਕਿ ਹਾਲ ਦੀ ਘੜੀ ਗੁਰਪ੍ਰਤਾਪ ਸਿੰਘ ਦੀ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਗੁਰਪ੍ਰਤਾਪ ਸਿੰਘ ਦੇ ਪਰਿਵਾਰ ਨੇ ਉਸ ਦੀ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਲਈ ਪੰਜਾਬ ਸਰਕਾਰ ਅਤੇ ਹੋਰ ਸੀਨੀਅਰ ਆਗੂਆਂ ਨੂੰ ਮਦਦ ਦੀ ਅਪੀਲ ਕੀਤੀ ਹੈ।

ਚੋਹਲਾ ਸਾਹਿਬ 'ਚ ਲੱਗਾ ਕੈਂਸਰ ਦਾ ਦੋ ਦਿਨਾ ਮੁਫਤ ਚੈੱਕਅੱਪ ਕੈਂਪ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਬਲਾਕ ਸੰਮਤੀ ਚੋਹਲਾ ਸਾਹਿਬ ਦੇ ਸਾਬਕਾ ਚੇਅਰਮੈਨ ਕੁਲਵੰਤ ਸਿੰਘ ਚੋਹਲਾ ਦੇ ਦੇਸ਼-ਵਿਦੇਸ ਵਿੱਚ ਰਹਿੰਦੇ ਸਮੂਹ ਪਰਿਵਾਰਾਂ ਵੱਲੋਂ ਪੂਰੀ ਦੁਨੀਆਂ ਅੰਦਰ ਨਾਮੁਰਾਦ ਜਾਨਲੇਵਾ ਫੈਲ ਰਹੀ ਬਿਮਾਰੀ ਕੈਂਸਰ ਤੋਂ ਮਾਝੇ ਦੇ ਲੋਕਾਂ ਨੂੰ ਬਚਾਉਣ ਲਈ ਸਥਾਨਕ ਗੁਰਦੁਆਰਾ ਬਾਬਾ ਭਾਈ ਅਦਲੀ ਸਾਹਿਬ (ਅੰਦਰਲੇ) ਵਿਖੇ ਗ੍ਰਾਮ ਪੰਚਾਇਤ ਚੋਹਲਾ ਸਾਹਿਬ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦੋ ਦਿਨਾ ਕੈਂਸਰ ਚੈੱਕ-ਅੱਪ ਕੈਂਪ ਲਾਇਆ ਗਿਆ ਜਿਸ ਵਿੱਚ ਵਰਲਡ ਕੈਂਸਰ ਕੇਅਰ ਦੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਨੇ ਦਿਨ ਚੜ੍ਹਦੇ ਤੋਂ ਲੈ ਕੇ ਦਿਨ ਢਲਦੇ ਤੱਕ ਕੈਂਪ ਚ ਪੁੱਜੇ ਹਜ਼ਾਰਾਂ ਲੋਕਾਂ ਦੇ ਸਾਰੇ ਜ਼ਰੂਰੀ ਤੇ ਕੀਮਤੀ ਸਰੀਰਕ ਟੈਸਟ ਮੁਫਤ ਕੀਤੇ। ਕੈਂਪ 'ਚ ਪੁੱਜੇ ਲੋਕਾਂ ਨੂੰ ਕੈਂਸਰ ਰੋਗ ਤੋਂ ਬਚਣ ਲਈ ਖੁਰਾਕੀ ਤੱਤਾਂ ਨਾਲ ਭਰਪੂਰ ਅਨਾਜ ਖਾਣ ਲਈ ਤੇ ਨਸ਼ਿਆਂ ਤੋਂ ਬਚਣ ਲਈ ਸਰਲ ਉਪਾਅ ਦੱਸੇ ਤੇ ਕਿਹਾ ਕਿ ਜੇਕਰ ਆਪਾਂ ਸਾਰੇ ਸਰੀਰ ਦੀ ਸਾਫ ਸਫਾਈ, ਕਸਰਤ ਤੇ ਚੰਗੇ ਵਿਚਾਰ ਰੱਖ ਕੇ ਵਧੀਆ ਖਾਣ ਪੀਣ ਰੱਖਾਂਗੇ ਤਾਂ ਇੱਕ ਨਾ ਇੱਕ ਦਿਨ ਕੈਂਸਰ ਨੂੰ ਪੰਜਾਬ 'ਚ ਠੱਲ੍ਹ ਪੈ ਜਾਵੇਗੀ ਤੇ ਲੋਕਾਂ ਦੇ ਮਨਾਂ ਵਿੱਚੋਂ ਦਸ਼ਿਸਤ ਖਤਮ ਹ�ो ਜਾਵੇਗੀ। ਇਸ ਦੋ ਦਿਨਾ ਕੈਂਸਰ ਚੈੱਕ-ਅੱਪ ਕੈਂਪ ਵਿੱਚ ਲਖਬੀਰ ਸਿੰਘ ਸਰਪੰਚ ਚੋਹਲਾ ਸਾਹਿਬ, ਸਵਿੰਦਰ ਸਿੰਘ ਕਾਕਾ ਪ੍ਰਧਾਨ, ਰਵੀ ਆਸਟ੍ਰੇਲੀਆ, ਨੰਬਰਦਾਰ ਦਾਰਾ ਸਿੰਘ, ਨਵਦੀਪ ਸਿੰਘ, ਬਲਦੇਵ ਸਿੰਘ ਫੌਜੀ, ਜਗਤਾਰ ਸਿੰਘ, ਪਰਗਟ ਸਿੰਘ, ਸੁਖਜਿੰਦਰ ਸਿੰਘ ਸੋਨੂੰ, ਦਿਲਬਾਗ ਸਿੰਘ ਇਲੈਕਟ੍ਰੀਸ਼ਨ ਆਦਿ ਨੇ ਵੀ ਕੈਂਪ 'ਚ ਸੇਵਾ ਸੰਭਾਲ ਕੀਤੀ। ਅਖੀਰ 'ਚ ਆਏ ਹੋਏ ਮਾਹਿਰ ਡਾਕਟਰਾਂ ਦੀਆਂ ਟੀਮਾਂ ਪਤਵੰਤੇ ਤੇ ਸਹਿਯੋਗੀ ਸੱਜਣਾਂ ਤੋਂ ਇਲਾਵਾ ਪੱਤਰਕਾਰਾਂ ਨੂੰ ਵੀ ਚੇਅਰਮੈਨ ਚੋਹਲਾ ਤੇ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਦੋਵੇਂ ਦਿਨ ਹੀ ਗੁਰਦਵਾਰਾ ਸਾਹਿਬ 'ਚ ਚਾਹ ਪਕੌੜੇ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਨਵ-ਨਿਯੁਕਤ ਚੇਅਰਮੈਨ ਅਸ਼ੋਕ ਤਲਵਾਰ ਦਾ ਮਾਣ-ਸਨਮਾਨ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਲਾਇਨਜ਼ ਕਲੱਬ ਸਿਵਲ ਲਾਈਨਜ਼ ਅੰਮ੍ਰਿਤਸਰ ਵੱਲੋਂ ਡਰੀਮ ਸਿਟੀ ਵਿਖੇ ਡਾ. ਤੇਜਪਾਲ ਸਿੰਘ ਸੰਧੂ ਐੱਮਡੀ ਸੰਧੂ ਹਸਪਤਾਲ ਅੱਡਾ ਡੱਡੂਆਣਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਇੰਪਰੂਵਮੈਂਟ ਟਰੱਸਟ ਦੇ ਨਵ-ਨਿਯੁਕਤ ਚੇਅਰਮੈਨ ਅਸ਼ੋਕ ਕੁਮਾਰ ਤਲਵਾਰ ਨੂੰ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਸੱਚਖੰਡ ਹਰਿਮੰਦਰ ਸਾਹਿਬ ਦੀ ਯਾਦਗਾਰੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਅਸ਼ੋਕ ਕੁਮਾਰ ਤਲਵਾਰ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਹੋ ਜਿਹੀਆਂ ਸੰਸਥਾਵਾਂ 'ਤੇ ਮਾਣ ਹੈ ਕਿਉਂਕਿ ਇਹ ਦਿਨ-ਰਾਤ ਮਿਹਨਤ ਕਰਕੇ ਆਪਣਾ ਤੇ ਆਪਣੇ ਸ਼ਹਿਰ ਦਾ ਨਾਮ ਰੌਸ਼ਨ ਕਰਨ ਲਈ ਹਮੇਸ਼ਾ ਤਤਪਰ ਰਹਿੰਦੀਆਂ ਹਨ । ਇਸ ਮੌਕੇ ਚੇਅਰਮੈਨ ਅਸ਼ੋਕ ਕੁਮਾਰ ਤਲਵਾਰ, ਡਾਕਟਰ ਤੇਜਪਾਲ ਸਿੰਘ ਸੰਧੂ ਤੇ ਉਨ੍ਹਾਂ ਦੇ ਸਾਥੀਆਂ ਨੇ ਭਖਦੇ ਮਸਲਿਆਂ ਤੇ ਅਤੇ ਹੋਰ ਕਈ ਅਹਿਮ ਵਿਸ਼ਿਆਂ 'ਤੇ ਗੱਲਬਾਤ ਵੀ ਕੀਤੀ। ਇਸ ਮੌਕੇ ਡਾ. ਤੇਜਪਾਲ ਸਿੰਘ ਸੰਧੂ ਤੋਂ ਇਲਾਵਾ ਨਾਨਕ ਸਿੰਘ ਨਵਾਂ ਪਿੰਡ, ਡਾਕਟਰ ਬਲਰਾਜ ਕੌਰ ਸੰਧੂ, ਮਿਸਟਰ ਰਮਨ ਕੁਮਾਰ, ਬਲਬੀਰ ਸਿੰਘ, ਇੰਜੀਨੀਅਰ ਗੁਲਸ਼ਨ ਸ਼ਰਮਾ, ਲਾਇਨ ਮੈਡਮ ਵਰਿੰਦਰ ਕੌਰ ਪੰਨੂ, ਲਾਇਨ ਮਨਦੀਪ ਸਿੰਘ, ਮੈਡਮ ਕੋਮਲ, ਮੈਡਮ ਸਵੀਟੀ, ਲਾਇਨ ਮੈਡਮ ਕੋਨਿਕਾ, ਉਂਕਾਰ ਸਿੰਘ, ਜਸਬੀਰ ਸਿੰਘ ਜੱਸ, ਜਗਦੀਪ ਸਿੰਘ, ਡਾਕਟਰ ਜਸਕਰਨ ਸਿੰਘ ਛੀਨਾ, ਪਰਤੀਕ ਸਿੰਘ, ਰਮਨਦੀਪ ਸਿੰਘ ਆਦਿ ਹਾਜ਼ਰ ਸਨ।

ਗੰਦੇ ਨਾਲੇ ਨੂੰ ਸੁੰਦਰ ਝੀਲ 'ਚ ਤਬਦੀਲ ਕਰਨ ਲਈ ਸੰਤ ਸੀਚੇਵਾਲ ਵੱਲੋਂ ਕਾਰਸੇਵਾ ਆਰੰਭ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)- ਗੁਰਦੁਆਰਾ ਬਾਉਲੀ ਸਾਹਿਬ ਦੇ ਪਵਿੱਤਰ ਜਲ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋ ਗੋਇੰਦਵਾਲ ਸਾਹਿਬ ਵਿਖੇ ਸ਼ੁਰੂ ਕੀਤੇ ਪ੍ਰੋਜੈਕਟ ਤਹਿਤ ਪੁਰਾਤਨ ਦਰਿਆ ਬਿਆਸ ਦਾ ਇੱਕ ਹਿੱਸਾ ਜੋ ਪਿਛਲੇ ਸਮੇ ਦੌਰਾਨ ਗੰਦੇ ਨਾਲੇ ਵਿੱਚ ਤਬਦੀਲ ਹੋਣ ਕਾਰਨ ਪਵਿੱਤਰ ਬਾਉਲੀ ਦੇ ਜਲ ਨੂੰ ਦੂਸ਼ਿਤ ਕਰ ਰਿਹਾ ਸੀ, ਦੇ ਬਚਾਅ ਲਈ ਗੰਦੇ ਨਾਲੇ ਨੂੰ ਪੁਰਾਤਨ ਦਿੱਖ ਪ੍ਰਦਾਨ ਕਰਨ ਦੇ ਮੰਤਵ ਨਾਲ ਇਸ ਨੂੰ ਸੁੰਦਰ ਝੀਲ ਬਣਾਉਣ ਦਾ ਕੰਮ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਬਾਬਾ ਗੁਰਨਾਮ ਸਿੰਘ ਯੂਪੀ ਵਾਲਿਆਂ ਦੇ ਸਹਿਯੋਗ ਨਾਲ ਜੰਗੀ ਪੱਧਰ 'ਤੇ ਆਰੰਭ ਕਰ ਦਿੱਤਾ ਗਿਆ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਜਿੱਥੇ ਪੰਜਾਬ ਸਰਕਾਰ ਵੱਡੇ ਪੱਧਰ 'ਤੇ ਸਹਿਯੋਗ ਕਰ ਰਹੀ ਹੈ, ਉੱਥੇ ਹੀ ਇਸ ਬਾਉਲੀ ਸਾਹਿਬ ਦੇ ਪਵਿੱਤਰ ਜਲ ਦੀ ਮਹੱਤਤਾ ਨੂੰ ਬਰਕਰਾਰ ਰੱਖਣ ਲਈ ਗੰਦੇ ਨਾਲੇ ਨੂੰ ਖਤਮ ਕਰਕੇ ਪੁਰਾਤਨ ਦਰਿਆ (ਸੁੰਦਰ ਝੀਲ) ਦੀ ਦਿੱਖ ਦਿੱਤੀ ਜਾ ਰਹੀ ਹੈ, ਜਿਸ ਦੀ ਕਾਰਸੇਵਾ ਬਾਬਾ ਗੁਰਨਾਮ ਸਿੰਘ ਯੂਪੀ ਵਾਲਿਆਂ ਦੇ ਸਹਿਯੋਗ ਨਾਲ ਆਰੰਭ ਕਰ ਦਿੱਤੀ ਗਈ ਹੈ।

ਉੱਥੇ ਹੀ ਇਸ ਪ੍ਰੋਜੈਕਟ ਦਾ ਪਹਿਲਾ ਪੜਾਅ ਮੁਕੰਮਲ ਹੋ ਚੁੱਕਾ ਹੈ ਜਿਸ ਵਿੱਚ ਗੰਦੇ ਨਾਲੇ ਵਿੱਚ ਪੈਣ ਵਾਲੇ ਗੰਦੇ ਪਾਣੀ ਨੂੰ ਸਾਫ ਕਰਨ ਲਈ ਟ੍ਰੀਟਮੈਂਟ ਪਲਾਂਟ ਤਿਆਰ ਹੋ ਚੁੱਕਾ ਹੈ। ਬਾਬਾ ਗੁਰਨਾਮ ਸਿੰਘ ਨੇ ਦੱਸਿਆ ਕਿ ਇਸ ਗੰਦੇ ਨਾਲੇ ਨੂੰ ਪੁਰਾਤਨ ਦਰਿਆ ਦੀ ਦਿੱਖ ਦਿੱਤੀ ਜਾਵੇਗੀ।

ਐੱਸ ਡੀ ਐੱਮ ਬਲਵਿੰਦਰ ਸਿੰਘ ਵੱਲੋਂ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਐੱਸਡੀ

ਬੇਦਾਗ ਸਾਬਕਾ ਪੁਲਸ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਸਰਕਾਰੀ ਨੌਕਰੀ ਛੱਡਣ ਉਪਰੰਤ ਸਿਆਸੀ ਸਫਰ ਸ਼ੁਰੂ

ਕੁੰਵਰ ਵਿਜੇ ਪ੍ਰਤਾਪ ਸਿੰਘ ਪੰਜਾਬ ਕੇਡਰ 1998 ਬੈਚ ਦੇ (IPS) ਅਧਿਕਾਰੀ ਸਨ, ਜਿਨ੍ਹਾ ਦਾ ਜਨਮ ਪਟਨਾ ਸਾਹਿਬ ਦੇ ਨੇੜੇ ਇਕ ਪਿੰਡ ਵਿਚ ਹੋਇਆ, ਜਿੱਥੇ ਆਪ ਨੇ ਮੁਢਲੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਪਟਨਾ ਯੂਨੀਵਰਸਿਟੀ ਤੋਂ ਐੱਮ.ਏ. ਦੀ ਡਿਗਰੀ ਪ੍ਰਾਪਤ ਕਰਕੇ (IPS) ਦੀ ਪ੍ਰੀਖਿਆ ਪਾਸ ਕੀਤੀ। ਕੁੰਵਰ ਵਿਜੇ ਹੁਰਾਂ ਦੀ ਪਹਿਲੀ ਨਿਯੁਕਤੀ ਸ੍ਰੀ ਗੁਰੂ ਰਾਮਦਾਸ ਹੁਰਾਂ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ (ASP) ਸਹਾਇਕ ਪੁਲਸ ਕਪਤਾਨ ਹੋਈ, ਜਿੱਥੇ ਉਹ ਪੰਜਾਬ ਪੁਲਸ ਦੇ ਇਕ ਇਮਾਨਦਾਰ, ਬੇਦਾਗ ਅਤੇ ਕੁਸ਼ਲ ਅਫਸਰ ਵਜੋਂ ਜਾਣੇ ਜਾਣ ਲੱਗੇ। ਉਨ੍ਹਾ ਸਮਾਜਿਕ, ਸੱਭਿਆਚਾਰਕ ਸੇਵਾਵਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਮੇਂ-ਸਮੇਂ ਸਿਰ ਸਨਮਾਨਿਤ ਕੀਤਾ ਜਾਂਦਾ ਰਿਹਾ ਅਤੇ ਦੇਸ਼ ਦਾ ਸਭ ਤੋਂ ਉੱਚਾ ਸਨਮਾਨ ਰਾਸ਼ਟਰਪਤੀ ਮੈਡਲ ਵੀ ਉਨ੍ਹਾਂ ਨੂੰ ਸਰਕਾਰ ਵੱਲੋਂ ਪ੍ਰਦਾਨ ਕੀਤਾ ਗਿਆ। ਆਪਣੀ ਸਰਵਿਸ ਦੌਰਾਨ ਉਨ੍ਹਾ ਨੇ ਕਰਾਈਮ ਕੰਟਰੋਲ ਦੇ ਨਾਂਅ ਨਾਲ ਪੁਲਸ ਮਹਿਕਮੇ ਦੇ ਅਕਸ ਨੂੰ ਵੀ ਨਿਭਾਇਆ। ਕੁੰਵਰ ਵਿਜੇ ਪ੍ਰਤਾਪ ਸਿੰਘ ਹੁਰਾਂ ਦੀਆਂ ਅੰਗਰੇਜ਼ੀ ਭਾਸ਼ਾ ਵਿਚ ਕਾਨੂੰਨ ਦੇ ਵਿਸ਼ਿਆਂ ਉਪਰ 5 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਸੰਤ ਕਬੀਰ ਜੀ ਦੇ ਅਨਮੋਲ ਵਚਨ ਉਨ੍ਹਾ ਦੀ ਪੰਜਾਬੀ ਭਾਸ਼ਾ ਵਿੱਚ ਪਹਿਲੀ ਕਿਤਾਬ ਵੀ ਪ੍ਰਕਾਸ਼ਿਤ ਹੋਈ। ਕੁੰਵਰ ਵਿਜੇ ਪ੍ਰਤਾਪ ਸਿੰਘ ਹੁਰਾਂ ਦੀ ਪੰਜਾਬ ਵਿਚ ਜਿੱਥੇ-ਜਿੱਥੇ ਨਿਯੁਕਤੀ ਹੋਈ, ਉਹਨਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਤੇ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਇਆ।

ਪੰਜਾਬ ਵਿਚ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਉਨ੍ਹਾਂ ਨੂੰ ਬਰਗਾੜੀ ਕਾਂਡ ਦੇ ਇਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ, ਜਿਸ ਦੀ ਨਿਰਪੱਖ ਰਿਪੋਰਟ ਉਹਨਾ ਸਮੇਂ ਸਿਰ ਸਰਕਾਰ ਨੂੰ ਸੌਂਪ ਦਿੱਤੀ, ਜੋ ਕਿ

ਰਾਜਨੀਤਕ ਕਾਰਨਾਂ ਕਰਕੇ ਠੰਢੇ ਬਸਤੇ ਵਿਚ ਪਾ ਦਿੱਤੀ ਗਈ। ਉਪਰੰਤ ਕੁੰਵਰ ਪ੍ਰਤਾਪ ਸਿੰਘ ਨੇ ਨੌਕਰੀ ਛੱਡ ਕੇ ਰਾਜਨੀਤੀ ਵਿੱਚ ਆਉਣ ਦਾ ਫੈਸਲਾ ਕੀਤਾ ਤਾਂ ਕਿ ਇਕ ਸਾਫ-ਸੁਥਰੀ ਰਾਜਨੀਤੀ ਲੋਕਾਂ ਸਾਹਮਣੇ ਲਿਆਂਦੀ ਜਾਵੇ। ਇਸ ਵਾਸਤੇ ਆਪਣੇ ਅਹੁਦੇ ਤੋਂ 11 ਸਾਲ ਦੀ ਸਰਵਿਸ ਰਹਿਣ ਦੇ ਬਾਵਜੂਦ ਅਸਤੀਫਾ ਦੇ ਕੇ ਆਪ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿਚ ਪਾਰਟੀ ਜੁਆਇੰਨ ਕੀਤੀ।

ਸ੍ਰੀ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਪਾਰਟੀ ਵੱਲੋਂ ਐੱਮ.ਐੱਲ.ਏ. ਟਿਕਟ ਦਿੱਤੀ ਗਈ ਤਾਂ ਜਨਤਾ ਨੇ ਭਾਰੀ ਬਹੁਮਤ ਨਾਲ ਜਿਤਾ ਕੇ ਇਸ ਆਸ ਨਾਲ ਵਿਧਾਨ ਸਭਾ ਵਿੱਚ ਭੇਜਿਆ ਗਿਆ। ਅਜਿਹੇ ਈਮਾਨਦਾਰ, ਕਾਬਲ ਅਤੇ ਹਰਮਨ ਪਿਆਰੇ ਨੁਮਾਇੰਦੇ ਨੂੰ ਗ੍ਰਹਿ ਵਿਭਾਗ ਦੀ ਜ਼ਿੰਮੇਵਾਰੀ ਮਿਲੇਗੀ ਤਾਂ ਕਿ ਪੰਜਾਬ ਇਕ ਸ਼ਾਂਤੀ ਵਾਲਾ ਅਤੇ ਕਰਾਇਮ ਰਹਿਤ ਸੂਬਾ ਬਣ ਸਕੇ, ਪਰ ਐਸੇ ਕਾਬਲ ਅਫਸਰ ਨੂੰ ਪਾਰਟੀ ਵੱਲੋਂ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਆਏ ਦਿਨ ਪੰਜਾਬ ਵਿੱਚ ਵਾਪਰ ਰਹੀਆਂ ਅਪਰਾਧਕ ਘਟਨਾਵਾਂ ਪੰਜਾਬ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹਨ।

ਚੋਣਾਂ ਵੇਲੇ ਕੀਤੇ ਵਾਅਦੇ ਮੁਤਾਬਕ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਦਿਨ-ਰਾਤ ਇਕ ਕਰ ਰਹੇ ਹਨ।

-ਕਿਸੇ ਵਿਅਕਤੀ ਕੋਲ ਜਿੰਨੀਆਂ ਮਰਜ਼ੀ ਡਿਗਰੀਆਂ ਹੋਣ, ਜੇ ਉਸ ਕੋਲ ਈਮਾਨਦਾਰੀ ਨਹੀਂ ਤਾਂ ਉਹ ਕਦੇ ਵੀ ਜਨਤਾ ਨੂੰ ਸਾਫ-ਸੁਥਰਾ ਪ੍ਰਸ਼ਾਸਨ ਜਾਂ ਇਨਸਾਫ ਨਹੀਂ ਦੇ ਸਕਦਾ, ਇਸ ਵਾਸਤੇ ਪਾਰਟੀਆਂ ਨੂੰ ਟਿਕਟ ਜਾਂ ਵਿਭਾਗਾਂ ਦੀ ਵੰਡ ਵੇਲੇ ਆਪਣੇ ਮਾਪਦੰਡ ਵਿਚ ਇਮਾਨਦਾਰੀ ਯੋਗਤਾ ਪਹਿਲੇ ਨੰਬਰ 'ਤੇ ਰੱਖਣੀ ਚਾਹੀਦੀ ਹੈ।

ਆਮ ਆਦਮੀ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਕੁੰਵਰ ਵਿਜੇ ਪ੍ਰਤਾਪ ਹੁਰਾਂ ਨੂੰ ਢੁਕਵਾਂ ਵਿਭਾਗ ਸੌਂਪ ਕੇ ਉਨ੍ਹਾ ਦੀ ਕਾਬਲੀਅਤ ਦਾ ਫਾਇਦਾ ਉਠਾਵੇ ਅਤੇ ਜਿਸ ਨਾਲ ਈਮਾਨਦਾਰ ਅਫਸਰ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ ਹੋ ਸਕੇ।

ਨਰਿੰਦਰਜੀਤ ਸਿੰਘ
9855613100

ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ ਸ੍ਰੀ ਅੰਮ੍ਰਿਤਸਰ

ਚੱਕ ਗੁਰੂ ਦਾ ਫਿਰ ਚੱਕ ਰਾਮਦਾਸਪੁਰ ਅਤੇ ਹੁਣ ਸ੍ਰੀ ਅੰਮ੍ਰਿਤਸਰ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ ਦੀ ਨਗਰੀ ਅਤੇ ਸਿਫਤੀ ਦੇ ਇਸ ਘਰ ਬਾਰ ਗੁਰੂਆਂ ਦੀ ਬਾਣੀ ਵਿੱਚੋਂ ਇਹ ਮਹਾਂਵਾਕ ਡਿਠੇ ਸਭੇ ਥਾਂਵ ਨਹੀਂ ਤੁਧ ਜੇਹਿਆ ਇੱਕ ਐਸੀ ਅਲੌਕਿਕ ਸਚਾਈ ਹੈ ਕਿ ਰੂਹਾਨੀ ਸੰਸਾਰ ਵਿੱਚ ਅਜਿਹਾ ਮਹਾਨ ਸ਼ਕਤੀ ਵਾਲਾ ਕੋਈ ਹੋਰ ਤੀਰਥ ਅਸਥਾਨ ਨਹੀਂ। ਸ੍ਰੀ ਗੁਰੂ ਰਾਮਦਾਸ ਜੀ ਦੇ ਕਰ-ਕਮਲਾ ਸਦਕਾ 15 ਜੂਨ 1577 ਈਸਵੀ ਨੂੰ ਪ੍ਰਵਾਨ ਚੜ੍ਹਿਆ ਇਹ ਪਵਿੱਤਰ ਸ਼ਹਿਰ ਸੂਰਜ ਦੀ ਰੌਸ਼ਨੀ ਅਤੇ ਗਰਮੀ, ਚੰਦਰਮਾ ਦੀ ਸ਼ੀਤਲਤਾ ਤੇ ਮਿੱਠੀ ਚਾਨਣੀ ਦਾ ਸੁਮੇਲ ਹੈ। ਪਿੰਡ ਤੁੰਗਾਂ ਦੇ ਜ਼ਿਮੀਂਦਾਰ ਕੋਲੋਂ 700 ਰੁਪਏ ਵਿੱਚ ਜ਼ਮੀਨ ਖਰੀਦ ਕੇ ਬੇਕੁੰਠ ਨਾਲੋਂ ਵੀ ਵਧੀਆ ਸ਼ਹਿਰ ਵਸਾ ਕੇ ਇੱਥੇ ਬਿਨਾਂ ਭੇਦ-ਭਾਵ ਦੇ ਹਰ ਧਰਮ, ਹਰ ਜਾਤੀ ਅਤੇ ਹਰ ਕਿੱਤੇ ਦੇ ਲੋਕਾਂ ਨੂੰ ਵਸਾ ਕੇ ਗੁਰੂਆਂ ਨੇ ਸਾਂਝੀਵਾਲਤਾ ਦੀ ਨੀਂਹ ਰੱਖੀ।

ਇਹ ਸ਼ਹਿਰ ਲੱਗਭੱਗ ਚਾਰ ਸਦੀਆਂ ਦੇ ਸਿੱਖ ਇਤਿਹਾਸ, ਧਾਰਮਿਕ ਅਤੇ ਸਮਾਜਿਕ ਰਹੁ-ਰੀਤਾਂ ਦੀ ਜਿਊਂਦੀ-ਜਾਗਦੀ ਤਸਵੀਰ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਅੱਧਾ ਸਿੱਖ ਇਤਿਹਾਸ ਇਸ ਸ਼ਹਿਰ ਦੇ ਆਲੇ-ਦੁਆਲੇ ਹੀ ਘੁੰਮਦਾ ਹੈ। ਨਗਰ ਨਿਰਮਾਣ ਦਾ ਕਾਰਜ ਸਿੱਖ ਗੁਰੂਆਂ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਦਾ ਨਿਰਮਾਣ ਕੀਤਾ। ਪੁਰਾਤਨ ਇਤਿਹਾਸ ਨੂੰ ਜੇਕਰ ਪੜਚੋਲਿਆ ਜਾਵੇ ਤਾਂ ਅੰਮ੍ਰਿਤਸਰ ਦੀ ਗਾਥਾ ਸਤਿਯੁੱਗ ਤੋਂ ਆਰੰਭ ਹੋ ਜਾਂਦੀ ਹੈ। ਇਸੇ ਸੁਧਾਸਰ ਸਰੋਵਰ ਦੀ ਪਾਵਨ ਧਰਤੀ 'ਤੇ ਸੰਨ 1631 ਈ: ਵਿੱਚ ਉਸਾਰੀ ਪਹਿਲੀ ਇਮਾਰਤ ਗੁਰੂ ਰਾਮਦਾਸ ਜੀ ਦਾ ਆਪਣਾ ਘਰ ਸੀ, ਜਿਸ ਨੂੰ ਅੱਜ-ਕੱਲ੍ਹ ਗੁਰਦੁਆਰਾ ਗੁਰੂ ਕੇ ਮਹਿਲ ਨਾਂਅ ਨਾਲ ਜਾਣਿਆ ਜਾਂਦਾ ਹੈ। ਮਾਤਾ ਭਾਨੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਇਮਾਰਤ ਨੂੰ ਭਾਗ ਲਾਏ ਹਨ। ਚੱਕ ਗੁਰੂ ਰਾਮਦਾਸਪੁਰੇ ਵਿੱਚ ਪਹਿਲਾ ਸਰੋਵਰ ਬਣਿਆ ਸ੍ਰੀ ਸੰਤੋਖਸਰ। ਸੰਤੋਖਸਰ ਤੋਂ ਥੋੜ੍ਹੀ ਹਟਵੀਂ ਇੱਕ ਹੋਰ ਛੱਪੜੀ ਸੂਹੇ ਤੇ ਮਿੱਠੇ ਬੇਰਾਂ ਨਾਲ ਲੱਦੀਆਂ ਬੇਰੀਆਂ ਦੇ ਝੁੰਡ ਵਿਚਕਾਰ ਸਥਿਤ ਸੀ। ਉਨ੍ਹਾਂ 'ਚ ਦੁੱਖ ਭੰਜਨੀ ਬੇਰੀ ਵੀ ਸੀ। ਭਾਗਾਂ ਭਰੀ ਇਸ ਬੇਰੀ 'ਤੇ ਬੈਠਣ ਵਾਲੇ ਕਾਂ ਛੱਪੜੀ 'ਚ ਚੁੱਭੀ ਲਾ ਕੇ ਹੰਸ ਬਣ ਜਾਣ ਤੇ ਪੱਟੀ ਸ਼ਹਿਰ ਦੇ ਦੁਨੀ ਚੰਦ ਦੀ ਪੁੱਤਰੀ ਰਜਨੀ ਦੇ ਕੋਹੜੀ ਪਤੀ ਦੀ ਕਥਾ ਮੂੰਹੋਂ-ਮੂੰਹੀਂ ਪ੍ਰਸਿੱਧ ਹੈ। ਇਸ ਛੋਟੀ ਛੱਪੜੀ ਨੂੰ ਤਾਲ ਤੋਂ ਬਾਅਦ ਬਣਾਉਣ ਦਾ ਕੰਮ ਆਰੰਭਿਆ ਗੁਰੂ ਰਾਮਦਾਸ ਜੀ ਨੇ, ਪਰ ਮਾਨਵ ਸੰਸਾਰ ਦੇ ਦੁੱਖ, ਰੋਗ, ਸੰਤੋਪ ਉਤਾਰਨ ਲਈ ਤਾਲ 'ਚ ਮੰਦਰ ਖੜਾ ਕਰਨ ਦੀ ਯੋਜਨਾ 1643 'ਚ ਗੁਰੂ ਅਰਜਨ ਦੇਵ ਜੀ ਨੇ ਵਿਉਂਤੀ ਤੇ ਨਾਂਅ ਰੱਖਿਆ ਹਰਿਮੰਦਰ। ਗੁਰੂ ਰਾਮਦਾਸ ਜੀ ਦੀ ਪ੍ਰੇਰਣਾ ਨਾਲ ਗੁਰੂ ਘਰ ਦੇ ਸੇਵਾਦਾਰ, ਦੁਕਾਨਦਾਰ, ਕਾਰੀਗਰ ਤੇ ਦਸਤਕਾਰ ਆਦਿ 52 ਕਿੱਤਿਆਂ ਨਾਲ ਸੰਬੰਧਤ ਲੋਕ ਧੜਾਧੜ ਆ ਕੇ ਅੰਮ੍ਰਿਤਸਰ ਵਿਖੇ ਵਸਣ ਲੱਗੇ। ਹੌਲੀ-ਹੌਲੀ ਕਈ ਬਜ਼ਾਰ ਉੱਸਰ ਗਏ। 1581 ਈ. ਤੱਕ ਇਹ ਨਗਰ

ਇੱਕ ਕਸਬੇ ਦਾ ਰੂਪ ਧਾਰਨ ਕਰ ਚੁੱਕਿਆ ਸੀ। ਮੁੱਢਲੇ 50 ਸਾਲਾਂ ਵਿੱਚ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਇਸ ਸ਼ਹਿਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਮੁਗਲਾਂ ਨਾਲ ਟੱਕਰ ਲੈਣ ਕਾਰਨ ਇਸ ਨਗਰ ਦੇ ਵਿਕਾਸ 'ਚ ਖੜੋਤ ਆ ਗਈ। ਸੰਨ 1757 ਈ: ਨੂੰ ਤੈਮੂਰ ਲੰਗ ਨੇ ਹਰਿਮੰਦਰ ਸਾਹਿਬ ਨੂੰ ਗਿਰਾ ਦਿੱਤਾ ਸੀ, ਜਿਸ ਦੀ ਮੁੜ ਉਸਾਰੀ ਕੀਤੀ ਸੀ, ਪਰ 1762 ਈ: ਚ ਮੁੜ ਅਹਿਮਦ ਸ਼ਾਹ ਅਬਦਾਲੀ ਨੇ ਇਸ ਨੂੰ ਢਹਿ-ਢੇਰੀ ਕਰ ਦਿੱਤਾ। 1799 ਈ: ਵਿੱਚ ਸਿੱਖ ਰਾਜ ਕਾਇਮ ਹੋਣ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਉਚੇਚਾ ਧਿਆਨ ਦਿੱਤਾ। ਹਰਿਮੰਦਰ 'ਤੇ ਸੁਨਹਿਰੀ ਮੀਨਾਕਾਰੀ ਉਤੇ ਲੱਖਾਂ ਰੁਪਏ ਖਰਚ ਕੀਤੇ। ਸ਼ਹਿਰ ਦੀ ਚਾਰਦੀਵਾਰੀ ਕਰਵਾਈ, 12 ਦਰਵਾਜ਼ੇ ਬਣਵਾਏ। ਸੰਨ 1849 ਈ: ਵਿੱਚ ਅੰਮ੍ਰਿਤਸਰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਹੋ ਗਿਆ। ਅੰਗਰੇਜ਼ਾਂ ਨੇ ਇੱਥੇ ਕੋਰਟ ਰੋਡ ਤੇ ਸੋਟਪਾਲ ਚਰਚ, 1870 ਈ: 'ਚ ਵਾਊਨ ਹਾਲ, 1859 ਵਿੱਚ ਰੇਲਵੇ ਸਟੇਸ਼ਨ, 1876 'ਚ ਜ਼ਿਲ੍ਹਾ ਕਚਹਿਰੀਆਂ, 1891 'ਚ ਵੀ.ਜੇ ਹਸਪਤਾਲ ਆਦਿ ਵੱਡੀਆਂ ਇਮਾਰਤਾਂ ਉਸਾਰੀਆਂ। ਵੀਹਵੀਂ ਸਦੀ ਦੇ ਆਉਂਦਿਆਂ ਇਹ ਸ਼ਹਿਰ ਚਾਰਦੀਵਾਰੀ ਤੋਂ ਬਾਹਰ ਵਧਣ ਲੱਗਾ। ਕਈ ਵੱਡੇ-ਵੱਡੇ ਕਾਰਖਾਨੇ ਅਤੇ ਸਨਅਤੀ ਅਦਾਰੇ ਬਣ ਗਏ ਸਨ। ਵਿੱਦਿਆ ਦੇ ਖੇਤਰ 'ਚ ਵੀ ਅੰਮ੍ਰਿਤਸਰ ਨੇ ਕਾਫੀ ਮੱਲਾਂ ਮਾਰੀਆਂ ਹਨ। ਸਿੱਖ ਧਰਮ ਅਤੇ ਵਿੱਦਿਆ ਦਾ ਪ੍ਰਸਾਰ ਕਰਨ ਲਈ 1892 ਈ: ਵਿੱਚ ਖਾਲਸਾ ਕਾਲਜ ਦੀ ਸਥਾਪਨਾ ਹੋਈ। ਹੁਣ ਇੱਥੇ ਗੁਰੂ ਨਾਨਕ ਦੇ ਯੂਨੀਵਰਸਿਟੀ, ਡੀ.ਏ.ਵੀ. ਕਾਲਜ, ਹਿੰਦੂ ਕਾਲਜ, ਸਰੂਪ ਰਾਣੀ ਮਹਿਲਾ ਕਾਲਜ ਅਤੇ ਹੋਰ ਵੀ ਕਈ ਸੰਸਥਾਵਾਂ ਸਿੱਖਿਆ ਦੇ ਖੇਤਰ 'ਚ ਆਪਣਾ ਯੋਗਦਾਨ ਪਾ ਰਹੀਆਂ ਹਨ।

ਪੰਜਾਬੀ ਕਾਵਿ ਦੇ ਪਿਤਾਮਾ ਭਾਈ ਵੀਰ ਸਿੰਘ 1872 'ਚ ਇੱਥੇ ਹੀ ਪੈਦਾ ਹੋਏ, ਧਨੀ ਰਾਮ ਚਾਤ੍ਰਿਕ, ਭਾਈ ਮੋਹਨ ਸਿੰਘ, ਨਾਵਲਕਾਰ ਸ: ਨਾਨਕ ਸਿੰਘ ਇੱਥੋਂ ਦੇ ਹੀ ਵਸਨੀਕ ਸਨ। ਸ: ਗੁਰਬਖਸ਼ ਸਿੰਘ ਪ੍ਰੀਤਲੜੀ ਹੁਰਾਂ ਨੇ ਵੀ ਇੱਥੇ ਹੀ ਉਮਰ ਗੁਜ਼ਾਰੀ। ਪੰਜਾਬੀ ਦਾ ਮਣਾਂ-ਮੂੰਹੀਂ ਸਾਹਿਤ ਅੰਮ੍ਰਿਤਸਰ ਦੀ ਧਰਤੀ ਤੋਂ ਹੀ ਸਿਰਜਿਆ ਗਿਆ। ਅਜ਼ਾਦੀ ਦੀ ਸ਼ਮ੍ਹਾਂ ਰੋਸ਼ਨ ਕਰਨ ਵਿੱਚ ਵੀ ਗੁਰੂ ਦੀ ਨਗਰੀ ਪਿੱਛੇ ਨਹੀਂ ਹੈ। ਇੱਥੋਂ ਦੇ ਜੰਮਪਲ ਮਦਨ ਲਾਲ ਢੀਂਗਰਾ ਨੇ ਇੰਗਲੈਂਡ ਵਿੱਚ ਪੜ੍ਹਾਈ ਕਰਦਿਆਂ ਅੰਗਰੇਜ਼ ਅਧਿਕਾਰੀ ਸਰ ਕਰਜਨ ਦਾ ਕਤਲ ਕਰ ਦਿੱਤਾ ਸੀ। ਸ਼ਹਿਰ ਵਿੱਚ ਸਥਾਪਤ ਜਲ੍ਹਿਆਂਵਾਲਾ ਬਾਗ ਅਜੇ ਵੀ 13 ਅਪ੍ਰੈਲ 1919 ਦੇ ਸਾਕੇ ਨੂੰ ਨਹੀਂ ਭੁੱਲ ਸਕਿਆ, ਜਿੱਥੇ ਸੈਂਕੜੇ ਨਿਹੱਥੇ ਲੋਕਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਗਿਸ਼ੀਆਂ-ਮੁਨੀਆਂ ਤੇ ਗੁਰੂਆਂ ਦਾ ਵਸਾਇਆ ਤੇ ਵਰੋਸਾਇਆ ਇਹ ਸ਼ਹਿਰ ਸਦਭਾਵਨਾ ਦਾ ਪੱਲਾ ਫੜੀ ਬੈਠਾ ਹੈ। ਭਾਵੇਂ ਇਸ ਦੇ ਵਿਕਾਸ ਕਾਰਜਾਂ ਵਿੱਚ ਖੜੋਤ ਆ ਗਈ ਹੈ, ਪਰ ਦੁਨੀਆ ਦੀ ਕੋਈ ਅਜਿਹੀ ਅਖਬਾਰ ਜਾਂ ਸਰਕਾਰ ਨਹੀਂ ਹੈ, ਅੰਮ੍ਰਿਤਸਰ ਸ਼ਹਿਰ ਤੋਂ ਅਣਜਾਣ ਹੋਵੇ। ਅੰਮ੍ਰਿਤਸਰ ਦੀ ਇਹ ਪਾਵਨ ਨਗਰੀ ਬਾਈਵੀਂ ਸਦੀ ਦੀਆਂ ਅਨੇਕਾਂ ਦੁਖਾਂਤਕ ਘਟਨਾਵਾਂ ਵਿੱਚੋਂ ਗੁਜ਼ਰ ਕੇ ਹੁਣ ਤੇਈਵੀਂ ਸਦੀ ਵਿੱਚ ਦਾਖਲ ਹੋ ਚੁੱਕੀ ਹੈ। ਅੱਜ ਇਸ ਦੇ ਚੌਗਿਰਦੇ ਵੱਲ ਨਜ਼ਰ ਮਾਰਨ 'ਤੇ ਇੰਝ ਲਗਦਾ ਹੈ ਜਿਵੇਂ ਗੁਰੂ ਸਾਹਿਬ ਦੇ ਸੰਕਲਪ ਨੂੰ ਸਾਕਾਰ ਕਰਨ ਵਾਲਾ ਅੰਮ੍ਰਿਤਸਰ ਗੁਆਚ ਗਿਆ ਹੈ। ਅੰਮ੍ਰਿਤਸਰ ਸ਼ਹਿਰ ਦੇ ਚੌਗਿਰਦੇ ਦੇ ਰਮਣੀਕ ਨਜ਼ਾਰੇ ਮਾਨਣ ਤੇ ਮਨ ਨੂੰ ਠਾਰਨ ਲਈ ਹੁਣ ਨਜ਼ਰ ਨਹੀਂ ਆਉਂਦੇ ਨਾ ਉਹ ਬੇਰੀਆਂ, ਨਾ ਪਿੱਪਲ ਤੇ ਨਾ ਬੋਹੜ ਦੇ ਰੁੱਖ, ਸ਼ਹਿਰ ਦੀਆਂ ਸੜਕਾਂ 'ਤੇ ਦੌੜਦੇ ਵਾਹਨ, ਗੱਡੀਆਂ ਦੇ ਸ਼ੋਰ ਅਤੇ ਧੂੰਏਂ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਹੈ। ਪ੍ਰਦੂਸ਼ਨ ਕੰਟਰੋਲ ਸੰਸਥਾਵਾਂ ਕੋਲੋਂ ਪ੍ਰਾਪਤ ਸਰਟੀਫਿਕੇਟ ਵਾਲੇ ਵਾਹਨ ਔਖਾਂ ਅੰਨ੍ਹੀਆਂ ਕਰਨ ਵਾਲੇ ਧੂੰਏਂ ਦੇ ਫੁਹਾਰੇ ਛੱਡਦੇ ਹਨ। ਸੜਕਾਂ, ਗਲੀਆਂ-ਮੁਹੱਲਿਆਂ ਆਦਿ ਥਾਵਾਂ 'ਤੇ ਬਦਬੂਦਾਰ ਕੂੜੇ ਦੇ ਢੇਰ ਆਉਂਦੇ-ਜਾਂਦੇ ਲੋਕਾਂ ਦਾ ਸਵਾਗਤ ਕਰਦੇ ਹਨ। ਅੰਮ੍ਰਿਤਸਰ ਸ਼ਹਿਰ ਵਿੱਚ ਸਫਾਈ, ਬਿਜਲੀ ਅਤੇ ਸੜਕਾਂ ਦੀ ਹਾਲਤ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਦੂਜੇ ਸ਼ਹਿਰ ਲਈ ਇਹ ਪ੍ਰੇਰਣਾ ਹੋਵੇ, ਪਰ ਅੰਮ੍ਰਿਤਸਰ ਸ਼ਹਿਰ ਵਿੱਚ ਬਰਸਾਤ ਦੇ ਦਿਨਾਂ 'ਚ ਕਿਸ ਤਰ੍ਹਾਂ ਪਾਣੀ ਖੜਦਾ ਹੈ, ਸੀਵਰੇਜ ਚੰਗੀ ਤਰ੍ਹਾਂ ਕੰਮ ਨਹੀਂ ਕਰਦੇ, ਗੰਦੇ ਨਾਲਿਆਂ ਦੀ ਸਫਾਈ ਹੋਣ ਵਾਲੀ ਤੇ ਸੜਕਾਂ 'ਤੇ ਕਈ ਚੌਕਾਂ 'ਚ ਲਾਈਟਾਂ ਨਹੀਂ ਹਨ। ਫੁੱਟਪਾਥਾਂ 'ਤੇ ਨਜਾਇਜ਼ ਕਬਜ਼ੇ ਹੋਏ ਹਨ। ਆਮ ਜਨਤਾ ਨਾਲ ਜੁੜੀਆਂ ਥਾਵਾਂ ਜਿਵੇਂ ਸ਼ਹਿਰ ਦਾ ਮੁੱਖ ਬੱਸ ਸਟੈਂਡ, ਹਾਲ ਗੇਟ ਦੇ ਬਾਹਰ ਵਾਲੀ ਮੰਡੀ, ਧਰਤੀ ਦੇ ਨਰਕ ਦਾ ਨਜ਼ਾਰਾ ਪੇਸ਼ ਕਰਦੀਆਂ ਹਨ। ਸਬਜ਼ੀ ਮੰਡੀ ਤਾਂ ਇੰਝ ਜਾਪਦੀ ਹੈ ਜਿਵੇਂ ਕੂੜੇ ਦੇ ਮਣਾਂ-ਮੂੰਹੀ ਢੇਰ ਵਿੱਚ ਵਿਚਰ ਰਹੇ ਹਾਂ। ਪ੍ਰਸ਼ਾਸਨ ਵੀ ਔਖਾਂ ਮੀਟੀ ਬੈਠਾ ਹੈ। ਵਿਕਾਸ ਦੇ ਨਾਂਅ '

26-JAN-PAGE-1.qxd 1/25/2023 10:29 PM Page 2

ਜੀ. ਹੋਲੀ ਹਾਰਟ ਸਕੂਲ 'ਚ ਵਿੰਟਰ ਕਾਰਨੀਵਲ ਸੰਪੰਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜੀ. ਹੋਲੀ ਹਾਰਟ ਪਬਲਿਕ ਸਕੂਲ ਵੱਲੋਂ ਵਿਲੱਖਣ ਸੋਚ ਨਾਲ ਵਿੰਟਰ ਕਾਰਨੀਵਲ : ਐਕਸਯੂਬਰੈਂਸ ਦਾ ਜੋਸ਼ੋ-ਖਰੋਸ਼ ਨਾਲ ਆਯੋਜਨ ਕੀਤਾ ਗਿਆ। ਕਾਰਨੀਵਲ ਦਾ ਉਦਘਾਟਨ ਸਮਾਜ ਸੇਵੀ ਸ੍ਰੀ ਲੱਖੀ ਜ਼ੈਲਦਾਰ, ਸਕੂਲ ਦੇ ਚੇਅਰਮੈਨ ਸ੍ਰੀ ਅਜੇ ਜਿੰਦਲ, ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਤੇ ਸਕੂਲ ਦੇ ਡਾਇਰੈਕਟਰ ਸ੍ਰੀ ਰਾਕੇਸ਼ ਬਾਂਸਲ, ਸ੍ਰੀ ਨਿਤਿਨ ਜਿੰਦਲ ਤੇ ਮੈਨੇਜਮੈਂਟ ਦੇ ਸਾਰੇ ਮੈਂਬਰਾਂ ਵੱਲੋਂ ਸ਼ਮਾ ਪ੍ਰਜਵਲਿਤ ਕਰਕੇ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗਾਰੰਗ ਪ੍ਰੋਗਰਾਮ ਨੇ ਹਰ ਕਿਸੇ ਦਾ ਮਨ ਮੋਹ ਲਿਆ। ਪੰਜਾਬੀ ਸੱਭਿਆਚਾਰ ਅਤੇ ਪੁਰਾਤਨਤਾ ਨੂੰ ਦਰਸਾਉਂਦਾ ਹੋਇਆ ਸਟਾਲ 'ਰੰਗਲਾ ਪੰਜਾਬ' ਹਰ ਕਿਸੇ ਲਈ ਖਿੱਚ ਦਾ ਕੇਂਦਰ ਸੀ। ਕਾਰਨੀਵਲ ਵਿੱਚ ਵਿਦਿਆਰਥੀਆਂ ਦੁਆਰਾ ਉਨ੍ਹਾਂ ਦੀ ਕਲਾਤਮਕ ਤੇ ਸਿਰਜਣਾਤਮਕ ਯੋਗਤਾਵਾਂ ਨੂੰ ਦਰਸਾਉਂਦੇ ਹੋਏ ਸਟਾਲ ਜਿਵੇਂ ਲੱਕੀ ਡਿਪ, ਸਪਿਨ ਦ ਵ੍ਹੀਲ, ਫੀਡ ਦ ਲਾਇਨ, ਕ੍ਰੇਜ਼ੀ ਹੂਪਸ ਆਦਿ ਭੀੜ ਖਿੱਚਣ ਵਾਲੇ ਸਨ।

ਬੱਚਿਆਂ ਦੀ ਦਿਲਚਸਪੀ ਨੂੰ ਪੂਰਾ ਕਰਨ ਵਾਲੇ ਇੱਕ ਬਹੁਤ ਹੀ ਖਾਸ ਹਿੱਸੇ ਵਿੱਚ ਕਈ ਤਰ੍ਹਾਂ ਦੇ ਝੂਲੇ, ਟਰੇਨ ਡੀ.ਜੇ, ਖਾਣ-ਪੀਣ ਦੀਆਂ ਸਟਾਲ, ਮਾਪਿਆਂ ਲਈ ਮਜੇਦਾਰ ਖੇਡਾਂ ਅਤੇ ਦਿਲਚਸਪ ਇਨਾਮਾਂ ਨੇ ਇਸ ਕਾਰਨੀਵਲ ਨੂੰ ਇੱਕ ਅਭੁੱਲ ਸਮਾਂ ਬਣਾਇਆ। ਇਸ ਸਮਾਗਮ ਵਿੱਚ ਬੱਚਿਆਂ ਦੇ ਦਾਦਾ-ਦਾਦੀ ਤੇ ਮਾਪਿਆਂ ਲਈ ਖਾਸ ਤੌਰ 'ਤੇ ਆਯੋਜਤ ਐਕਟੀਵਿਟੀਸ ਦੁਆਰਾ ਉਨ੍ਹਾਂ ਦੇ ਚਿਹਰਿਆਂ 'ਤੇ ਖਿੜੀ ਹੋਈ ਮੁਸਕਰਾਹਟ ਨੇ ਇਸ ਨੂੰ ਕਾਰਨੀਵਲ ਨੂੰ ਇੱਕ ਨਵੇਂ ਮੁਕਾਮ 'ਤੇ ਪੁਚਾ ਦਿੱਤਾ।

ਲਗਭਗ 5000 ਦਰਸ਼ਕਾਂ ਅਤੇ ਭਾਗੀਦਾਰਾਂ ਦੀ ਇੱਕ ਉਤਸ਼ਾਹੀ ਭੀੜ ਦੁਆਰਾ ਪ੍ਰਦਰਸ਼ਤ ਜੋਸ਼ ਨੇ ਵਿੰਟਰ ਕਾਰਨੀਵਲ ਨੂੰ ਯਾਦਗਾਰੀ ਬਣਾ ਦਿੱਤਾ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਮਿਸਿਜ਼ ਨਵਜੋਤ ਟੱਕਰ ਨੇ ਆਏ ਹੋਏ ਖਾਸ ਮਹਿਮਾਨਾਂ ਡੀ.ਐਸ.ਪੀ ਮਹਿਲ ਕਲਾਂ ਸ੍ਰੀ ਗਮਦੂਰ ਸਿੰਘ ਚਾਹਲ, ਡਾਇਰੈਕਟਰ ਸੀ.ਟੀ ਯੂਨੀਵਰਸਿਟੀ ਲੁਧਿਆਣਾ ਸ੍ਰੀ ਅਮਨਦੀਪ ਟਾਂਗਰੀ, ਐਸ.ਐਚ.ਓ ਮਹਿਲ ਕਲਾਂ ਸ੍ਰੀ ਸੁਖਵਿੰਦਰ ਸਿੰਘ, ਐਸ.ਐਚ.ਓ ਟੱਲੇਵਾਲ ਸ੍ਰੀ ਕਮਲਜੀਤ ਸਿੰਘ, ਬੀ.ਕੇ.ਯੂ ਕਾਦੀਆਂ ਜ਼ਿਲ੍ਹਾ ਪ੍ਰਧਾਨ ਸ੍ਰੀ ਜਗਸੀਰ ਸਿੰਘ ਸੀਰਾ, ਆਈ.ਆਈ.ਟੀ.ਏ ਪ੍ਰਧਾਨ ਸ੍ਰੀ ਸੁਨੀਲ ਕੌਸ਼ਲ, ਸਾਰੇ ਮਾਪਿਆਂ, ਪ੍ਰੈਸ ਤੇ ਮੀਡੀਆ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਰਾਮਪੁਰਾ ਦੀ ਮਹੀਨਾਵਾਰ ਮੀਟਿੰਗ ਹਰ ਮਹੀਨੇ ਦੀ ਤਰ੍ਹਾਂ ਟੀਚਰ ਹੋਮ, ਨੇੜੇ ਟਰੱਕ ਯੂਨੀਅਨ ਵਿਖੇ ਹੋਈ। ਇਹ ਮੀਟਿੰਗ ਡਾ. ਚਮਕੌਰ ਸਿੰਘ ਬਲਾਕ ਪ੍ਰਧਾਨ ਦੀ ਹਾਜ਼ਰੀ ਵਿੱਚ ਹੋਈ, ਜਿਸ ਵਿੱਚ ਸਾਰੇ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਕਿਹਾ ਗਿਆ। ਫ਼ਾਜ਼ਿਲਕਾ ਵਿੱਚ 17 ਡਾਕਟਰ ਸਾਥੀਆਂ ਤੇ ਸਰਕਾਰ ਵੱਲੋਂ ਕੀਤੀ ਗਈ ਰੇਡ ਦਾ ਡਾ. ਰਵੇਲ ਸਿੰਘ ਮਹਿਰਾਜ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਹੈ। ਇਸ ਤੋਂ ਬਾਅਦ ਡਾ. ਰੇਸ਼ਮ ਸਿੰਘ ਫੂਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਕਿ ਸਟੇਟ ਦੀ ਚੋਣ ਜਲਦੀ ਕਰਾਉਣ ਲਈ ਵੀ ਕਿਹਾ ਗਿਆ। ਇਸ ਤੋਂ ਇਲਾਵਾ ਡਾਕਟਰ ਬਲਵੀਰ ਸਿੰਘ ਬੱਜੋਆਣਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਡਾਕਟਰ ਜਗਤਾਰ ਸਿੰਘ ਫੂਲ ਨੇ ਵੀ ਵਡਮੁੱਲੇ ਵਿਚਾਰ ਪੇਸ਼ ਕੀਤੇ ਤੇ ਸਾਰੇ ਸਾਥੀਆਂ ਦਾ ਮੀਟਿੰਗ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ। ਸਟੇਜ ਸੈਕਟਰੀ ਦੀ ਸੇਵਾ ਡਾਕਟਰ ਦੇਵਰਾਜ ਨੇ ਨਿਭਾਈ। ਇਸ ਤੋਂ ਇਲਾਵਾ ਮੀਟਿੰਗ ਵਿੱਚ ਭਾਰੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ। ਡਾਕਟਰ ਕੌਰ ਸਿੰਘ, ਡਾ. ਗੁਰਦੀਪ ਸਿੰਘ ਭੋਲਾ, ਡਾ. ਹਰਵਿੰਦਰ ਸਿੰਘ, ਡਾ. ਹਰਜਿੰਦਰ ਸਿੰਘ ਭਾਈਰੂਪਾ, ਡਾ. ਇਕਬਾਲ ਸਿੰਘ ਫੂਲ, ਡਾਕਟਰ ਮਨਜੀਤ ਸਿੰਘ ਫੂਲ ਹਾਜ਼ਰ ਸਨ।

ਡਾ. ਚਮਕੌਰ ਸਿੰਘ ਨੇ ਅਖੀਰ ਵਿੱਚ ਸਾਰੇ ਸਾਥੀਆਂ ਦਾ ਮੀਟਿੰਗ 'ਚ ਹਾਜ਼ਰ ਹੋਣ 'ਤੇ ਧੰਨਵਾਦ ਕੀਤਾ ਗਿਆ।

ਮੁਹੱਲਾ ਕਲੀਨਿਕ ਦੀ ਥਾਂ ਲੌਂਗੋਵਾਲ ਹਸਪਤਾਲ 'ਚ ਸਟਾਫ਼ ਪੂਰਾ ਕਰੇ ਸਰਕਾਰ : ਕਿਸਾਨ ਆਗੂ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ) ਜਿੱਥੇ ਪੰਜਾਬ ਸਰਕਾਰ ਬੜੇ ਜ਼ੋਰ-ਸ਼ੋਰ ਨਾਲ ਪੰਜਾਬ ਸਮੇਤ ਦੂਜੇ ਸੂਬਿਆਂ ਵਿੱਚ ਇਸ਼ਤਿਹਾਰਬਾਜ਼ੀ ਕਰਕੇ ਮੁਹੱਲਾ ਕਲੀਨਿਕਾਂ ਦਾ ਪ੍ਰਚਾਰ ਕਰ ਰਹੀ ਹੈ, ਉੱਥੇ ਸੂਬੇ ਵਿੱਚ ਪਹਿਲਾਂ ਬਣੇ ਹਸਪਤਾਲਾਂ ਦਾ ਬੁਰਾ ਹਾਲ ਹੈ।

ਪ੍ਰਾਇਮਰੀ ਹੈਲਥ ਸੈਂਟਰ ਵਿਖੇ ਸਿਰਫ਼ ਦੋ ਹੀ ਐਮ ਬੀ ਬੀ ਐਸ ਡਾਕਟਰ ਹਨ, ਜਿਨ੍ਹਾਂ 'ਚੋਂ ਇੱਕ ਦੀ ਡਿਊਟੀ ਮੁਹੱਲਾ ਕਲੀਨਿਕ ਵਿੱਚ ਲੱਗ ਜਾਣੀ ਹੈ। ਐਮਰਜੈਂਸੀ ਸੇਵਾਵਾਂ ਠੱਪ ਹਨ। ਕੋਈ ਮੈਡੀਕਲ ਅਫ਼ਸਰ, ਕੋਈ ਸਪੈਸ਼ਲਿਸਟ ਨਹੀਂ ਹੈ ਤੇ ਨਾ ਹੀ ਕੋਈ ਗਾਇਨੀ ਦੇ ਡਾਕਟਰ ਹਨ, ਫਾਰਮੇਸੀ ਦੀ ਬਿਜਲੀ ਬੰਦ ਹੈ, ਚਾਰਦੀਵਾਰੀ ਟੁੱਟ ਚੁੱਕੀ ਹੈ ਤੇ ਹਸਪਤਾਲ ਨਸ਼ੇੜੀਆਂ ਦਾ ਅੱਡਾ ਬਣ ਚੁੱਕਾ ਹੈ।

ਜਦੋਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਆਪਣੇ ਵਧੇ ਹੋਏ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਹਸਪਤਾਲ ਗਏ ਤਾਂ ਉੱਥੇ ਸਥਿਤ ਡਾਕਟਰ ਨੇ ਕਿਹਾ ਕਿ ਤੁਸੀਂ ਕਿਸੇ ਸਪੈਸ਼ਲਿਸਟ ਡਾਕਟਰ ਕੋਲ ਜਾ ਕੇ ਇਲਾਜ ਕਰਵਾਉ ਅਤੇ ਨਾਲ ਹੀ ਲਿਪਿਡ ਪ੍ਰੋਫਾਈਲ ਨਾਂ ਦਾ ਟੈਸਟ ਲਿਖਿਆ। ਜਦੋਂ ਲੈਬ ਵਿਚ ਗਏ ਤਾਂ ਲੈਬ ਇੰਚਾਰਜ ਨੇ ਆਪਣੀ ਮਜਬੂਰੀ ਦੱਸਦਿਆਂ ਕਿਹਾ ਕਿ ਮਸ਼ੀਨਾਂ ਤਾਂ ਹਨ, ਪਰ ਸਟਾਫ ਨਾ ਹੋਣ ਕਾਰਨ ਇਹ ਟੈਸਟ ਨਹੀਂ ਹੋ ਸਕਦਾ, ਸੰਗਰੂਰ ਜਾਣਾ ਪਵੇਗਾ।

ਕਰੋੜਾਂ ਦੀ ਲਾਗਤ ਨਾਲ ਬਣਿਆ ਇਹ ਹਸਪਤਾਲ ਇਲਾਕੇ ਲਈ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ, ਜਦ ਕਿ ਸਰਕਾਰਾਂ ਸ਼ੋਸ਼ੇਬਾਜ਼ੀ 'ਤੇ ਲੱਗੀਆਂ ਹਨ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕੀ ਲੌਂਗੋਵਾਲ ਸਮੇਤ ਆਲੇ-ਦੁਆਲੇ ਦੇ ਪਿੰਡਾਂ ਦੀ ਸਹੂਲਤ ਲਈ ਪ੍ਰਾਇਮਰੀ ਹੈਲਥ ਸੈਂਟਰ ਬਣਾਇਆ ਗਿਆ ਸੀ, ਜਿਸ ਦੀ ਕਰੋੜਾਂ ਦੀ ਬਿਲਡਿੰਗ ਹੈ ਅਤੇ ਉਸ ਸਮੇਂ ਲੋਕਾਂ ਨੇ ਜ਼ਮੀਨ ਦਾਨ ਵਿਚ ਦੇ ਕੇ ਇਸ ਹਸਪਤਾਲ ਨੂੰ ਖੜਾ ਕੀਤਾ। ਪਿਛਲੀਆਂ ਸਰਕਾਰਾਂ ਨੇ ਵੀ ਇਸ ਨੂੰ ਚਲਾਉਣ ਲਈ ਕੋਈ ਯਤਨ ਨਹੀਂ ਕੀਤੇ ਤੇ ਸਟਾਫ਼ ਨਹੀਂ ਭੇਜਿਆ। ਬਦਲਾਉ ਦੇ ਨਾਂ ਤੇ ਬਣੀ 'ਆਪ' ਸਰਕਾਰ ਵੀ ਮੁਹੱਲਾ ਕਲੀਨਿਕਾਂ 'ਤੇ 10 ਕਰੋੜ ਖਰਚ ਕਰਕੇ ਉਸਦੇ ਪ੍ਰਚਾਰ ਲਈ ਇਸ਼ਤਿਹਾਰਾਂ 'ਤੇ 30 ਕਰੋੜ ਖਰਚ ਕਰ ਰਹੀ ਹੈ।

ਖੱਤਰੀ ਸਭਾ ਨੇ ਵੀਰ ਹਕੀਕਤ ਰਾਏ ਨੂੰ ਕੀਤਾ ਯਾਦ

ਮੋਗਾ (ਅਮਰਜੀਤ ਬੱਬਰੀ) : ਖੱਤਰੀ ਸਭਾ ਨੇ ਅੱਜ ਇੱਥੇ ਖੱਤਰੀ ਭਵਨ 'ਚ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ 'ਚ ਧਰਮ ਖਾਤਰ ਆਪਣਾ ਬਲੀਦਾਨ ਦੇਣ ਵਾਲੇ ਖੱਤਰੀ ਬਿਰਾਦਰੀ ਨਾਲ ਸੰਬੰਧਤ ਵੀਰ ਹਕੀਕਤ ਰਾਏ ਦਾ ਬਲੀਦਾਨ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ। ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀਰ ਹਕੀਕਤ ਰਾਏ ਦੇ ਚਿੱਤਰ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਅਤੇ ਵੀਰ ਹਕੀਕਤ ਰਾਏ ਦੇ ਚਿੱਤਰ ਸਨਮੁੱਖ ਨਤਮਸਤਕ ਹੋ ਕੇ ਦੇਸ਼ ਅਤੇ ਧਰਮ ਦੀ ਰੱਖਿਆ ਕਰਨ ਦਾ ਸੰਕਲਪ ਲਿਆ।

ਇਸ ਮੌਕੇ ਅਮਰ ਬਲੀਦਾਨੀ ਵੀਰ ਹਕੀਕਤ ਰਾਏ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਦੇਸ ਅਤੇ ਧਰਮ ਦੀ ਰੱਖਿਆ ਕਰਨ ਨੂੰ ਖੱਤਰੀ ਧਰਮ ਕਿਹਾ ਜਾਂਦਾ ਹੈ ਅਤੇ ਧਰਮ ਪਰਿਵਰਤਨ ਕਰਨ ਦੀ ਬਜਾਏ ਅਪਣਾ ਬਲੀਦਾਨ ਦੇ ਕੇ ਬਹਾਦਰ ਬਾਲਕ ਵੀਰ ਹਕੀਕਤ ਰਾਏ ਨੇ ਖੱਤਰੀ ਧਰਮ ਨਿਭਾਇਆ ਸੀ। ਇਸ ਮੌਕੇ ਅਮਰ ਬਲੀਦਾਨੀ ਵੀਰ ਹਕੀਕਤ ਰਾਏ ਨੂੰ ਅਪਣੀ ਨਿੱਘੀ ਸਰਧਾਂਜਲੀ ਦਿੰਦਿਆਂ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਨੇ ਦੱਸਿਆ ਕਿ ਅੱਜ ਤੋਂ ਕਰੀਬ 289 ਸਾਲ ਪਹਿਲਾਂ ਸੰਨ 1734 ਵਿੱਚ ਹਿੰਦੂ ਧਰਮ ਦਾ ਤਿਆਗ ਕਰਕੇ ਇਸਲਾਮ ਧਰਮ ਅਪਨਾਉਣ ਤੋਂ ਇਨਕਾਰ ਕਰਨ ਕਰਕੇ 14 ਸਾਲਾਂ ਦੇ ਬਹਾਦਰ ਬਾਲਕ ਵੀਰ ਹਕੀਕਤ ਰਾਏ ਨੂੰ ਮੁਸਲਮਾਨ ਹਾਕਮਾਂ ਨੇ ਮੌਤ ਦੀ ਸਜ਼ਾ ਸੁਣਾ ਕੇ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕਰ ਦਿੱਤਾ ਸੀ। ਧੀਰ ਨੇ ਕਿਹਾ ਕਿ ਬਹਾਦਰ ਬਾਲਕ ਵੀਰ ਹਕੀਕਤ ਰਾਏ ਨੇ ਸਾਨੂੰ ਆਪਣੇ-ਆਪਣੇ ਧਰਮ ਖਾਤਰ ਜਿਊਣ ਅਤੇ ਮਰਨ ਦਾ ਪਾਠ ਪੜ੍ਹਾਇਆ। ਇਸ ਮੌਕੇ ਸਭਾ ਵੱਲੋਂ ਬਸੰਤੀ ਰੰਗ ਦੇ ਲੱਡੂ ਵੰਡੇ ਗਏ ।

ਇਸ ਸ਼ਰਧਾਂਜਲੀ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਐਮ ਐਲ ਮੋਲੜੀ, ਸੁਸ਼ੀਲ ਸਿਆਲ, ਵਿਜੇ ਪੁਰੀ, ਬਲਜਿੰਦਰ ਸਿੰਘ ਸਹਿਗਲ, ਪਵਨ ਕਪੂਰ, ਪ੍ਰਦੀਪ ਭੰਡਾਰੀ, ਧਰਮਵੀਰ ਰਿਹਾਨ, ਅਸ਼ੋਕ ਕਾਲੀਆ ਹਾਜ਼ਰ ਸਨ।

ਪਿੰਡ ਚੱਠਾ ਨੰਨਹੇੜਾ 'ਚ ਨੈਸ਼ਨਲ ਵੋਟਰ ਦਿਵਸ ਮਨਾਇਆ

ਛਾਜਲੀ (ਜਸਵੀਰ ਲਾਡੀ) ਪਿੰਡ ਚੱਠਾ ਨਨਹੇੜਾ ਦੇ ਸਰਕਾਰੀ ਸਕੂਲ ਵਿੱਚ ਜ਼ਿਲ੍ਹਾ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਨੈਸ਼ਨਲ ਵੋਟਰ ਦਿਵਸ ਮਨਾਇਆ ਗਿਆ।ਬੂਥ ਲੈਵਲ ਅਫਸਰ ਨਛੱਤਰ ਸਿੰਘ ਚੱਠਾ ਨੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਭਾਰਤ ਦੇ ਨਾਗਰਿਕ, ਲੋਕਤੰਤਰ ਵਿੱਚ ਪੂਰਾ ਵਿਸ਼ਵਾਸ ਰੱਖਦੇ ਹੋਏ ਇਹ ਪ੍ਰਣ ਕਰਦੇ ਹਾਂ ਕਿ ਅਸੀਂ ਆਪਣੇ ਦੇਸ ਦੀਆਂ ਲੋਕਤੰਤਰੀ ਪ੍ਰੰਪਰਾਵਾਂ ਦੀ ਮਰਿਆਦਾ ਨੂੰ ਕਾਇਮ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਦੇ ਮਾਣ ਨੂੰ ਬਰਕਰਾਰ ਰੱਖਦੇ ਹੋਏ, ਨਿਡਰ ਹੋ ਕੇ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਸਾਰੀਆਂ ਚੋਣਾਂ ਵਿੱਚ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਾਂਗੇ।

ਇਸ ਮੌਕੇ ਖਿਲੂ ਸਿੰਘ ਮੈਂਬਰ, ਰੇਸ਼ਮ ਸਿੰਘ ਖ਼ਜ਼ਾਨਚੀ, ਨਿਰਮਲ ਸਿੰਘ, ਜਸਵੀਰ ਸਿੰਘ ਜੱਸੀ, ਚੰਦ ਖਾਂ, ਗੁਰਮੇਲ ਸਿੰਘ ਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਡਾ. ਪਰਮਜੀਤ ਕੌਰ ਨੇ ਸੰਭਾਲਿਆ ਕਾਰਜ ਭਾਰ

ਧੂਰੀ (ਸੁਖਦੇਵ ਧੂਰੀ) ਯੂਨੀਵਰਸਟੀ ਕਾਲਜ ਬੇਨੜਾ ਦੇ ਇੰਚਾਰਜ/ਪ੍ਰਿੰਸੀਪਲ ਵਜੋਂ ਡਾ. ਪਰਮਜੀਤ ਕੌਰ ਨੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਕਾਰਜਭਾਰ ਸੰਭਾਲ ਲਿਆ ਹੈ। ਉਨ੍ਹਾਂ ਇਹ ਜ਼ਿੰਮੇਵਾਰੀ ਸੌਂਪਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਤੇ ਡਾਇਰੈਕਟਰ ਕਾਂਸਟੀਚੂਐਂਟ ਕਾਲਜਾਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਸਮੂਹ ਸਟਾਫ਼ ਦੇ ਨਾਲ ਮਿਲ ਕੇ ਕਾਲਜ ਦੇ ਵਿਕਾਸ ਤੇ ਵਿਦਿਆਰਥੀਆਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨਗੇ।

ਇਸ ਸਮੇਂ ਸਮੂਹ ਅਧਿਆਪਨ ਅਤੇ ਗੈਰ ਅਧਿਆਪਨ ਸਟਾਫ ਹਾਜ਼ਰ ਸੀ। ਵਰਨਣਯੋਗ ਹੈ ਕਿ ਯੂਨੀਵਰਸਿਟੀ ਕਾਲਜ ਬੇਨੜਾ ਵਿੱਚ ਰੈਗੂਲਰ ਪ੍ਰਿੰਸੀਪਲ ਦੀ ਅਸਾਮੀ ਪਿਛਲੇ ਕਈ ਸਾਲਾਂ ਤੋਂ ਖਾਲੀ ਹੈ। ਇਸ ਕਰਕੇ ਇਲਾਕਾ ਵਾਸੀਆਂ ਦੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੁਰਜ਼ੋਰ ਮੰਗ ਹੈ ਕਿ ਕਾਲਜ ਵਿੱਚ ਰੈਗੂਲਰ ਪ੍ਰਿੰਸੀਪਲ ਭੇਜਿਆ ਜਾਵੇ।

ਡਾ. ਅਰੋੜਾ ਵੱਲੋਂ ਨਵ-ਨਿਯੁਕਤ ਚੇਅਰਮੈਨਾਂ ਦਾ ਸਨਮਾਨ

ਮੋਗਾ (ਅਮਰਜੀਤ ਬੱਬਰੀ) : ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਦਿਦਾਰੇਵਾਲਾ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਜ਼ਿਲ੍ਹਾ ਯੋਜਨਾ ਬੋਰਡ, ਮੋਗਾ ਦੇ ਚੇਅਰਮੈਨ ਨਿਯੁਕਤ ਕਰਨ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ ਦਾ ਅੱਜ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਦਫਤਰ ਮੋਗਾ ਵਿਖੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਸਨਮਾਨਤ ਕਰਕੇ ਚੰਗੇਰੇ ਭਵਿੱਖ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਲਈ ਪਾਰਟੀ ਵੱਲੋਂ ਲਗਾਏ ਗਏ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀ ਚੋਣ ਨੂੰ ਢੁਕਵੇਂ ਸਮੇਂ 'ਤੇ ਚੁੱਕਿਆ ਦਰੁਸਤ ਕਦਮ ਹੈ। ਅਮਨ ਰਖਰਾ ਮੀਡੀਆ ਇੰਚਾਰਜ ਜ਼ਿਲ੍ਹਾ ਮੋਗਾ ਨੇ ਆਖਿਆ ਕਿ ਦੀਪਕ ਸਮਾਲਸਰ ਦਾ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਵਡਮੁੱਲਾ ਯੋਗਦਾਨ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 10 ਸਾਲਾਂ ਅਰਥਾਤ ਇੱਕ ਦਹਾਕੇ ਤੋਂ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਹਨ। ਕਿਉਂਕਿ ਪਾਰਟੀ 'ਚ ਆਉਣ ਤੋਂ ਪਹਿਲਾਂ ਉਹ ਐਨ ਜੀ ਓ ਵਿੱਚ ਬਤੌਰ ਸੈ

ਗਣਤੰਤਰ ਦਿਵਸ ਦੇ ਮੌਕੇ 'ਤੇ ਸਮਰਾਲਾ ਵਿਸ਼ੇਸ਼ ਸਪਲੀਮੈਂਟ

ਸਮੂਹ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ...

ਮਿਸ ਰੀਤਿਕਾ ਸਿੰਘ (ਪੀ.ਸੀ.ਐੱਸ.)

ਗਣਤੰਤਰ ਦਿਵਸ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਬਹੁਤ-ਬਹੁਤ ਮੁਬਾਰਕਬਾਦ

ਪਰਮਬੀਰ ਕੌਰ ਬਰਾੜ, ਬੀ.ਡੀ.ਪੀ.ਓ. ਖਮਾਣੋਂ
ਜਗਤਾਰ ਸਿੰਘ ਦਿਆਲਪੁਰ, ਵਿਧਾਇਕ, ਹਲਕਾ ਸਮਰਾਲਾ
ਰੁਪਿੰਦਰ ਸਿੰਘ ਰਾਜਾ ਗਿੱਲ, ਹਲਕਾ ਇੰਚਾਰਜ ਕਾਂਗਰਸ
ਜਤਿੰਦਰ ਸਿੰਘ ਜੋਗਾ, ਮੈਂਬਰ ਜ਼ਿਲ੍ਹਾ ਪ੍ਰੀਸ਼ਦ
ਇੰਜ: ਕੰਵਲਪ੍ਰੀਤ ਸਿੰਘ ਸਿੱਧੂ (ਵਧੀਕ ਨਿਗਰਾਨ ਇੰਜ: ਸਮਰਾਲਾ)
ਡਾ. ਪਰਮਿੰਦਰ ਸਿੰਘ ਬੈਨੀਪਾਲ (ਸਾਬਕਾ ਪ੍ਰਿੰਸੀਪਲ)
ਬੀ.ਕੇ. ਅਨੇਜਾ, ਐਮ.ਡੀ. ਟੈਗੋਰ ਗਲੋਬਲ ਸਕੂਲ
ਪਰਮਿੰਦਰ ਸਿੰਘ ਗਿੱਲ, ਐਡਵੋਕੇਟ
ਐਡ. ਦਲਜੀਤ ਸਿੰਘ ਸ਼ਾਹੀ, ਪ੍ਰਧਾਨ ਬਾਰ ਐਸੋ: ਸਮਰਾਲਾ
ਡਾ. ਤਾਰਿਕਜੋਤ ਸਿੰਘ, ਐੱਸ.ਐੱਮ.ਓ. ਸਮਰਾਲਾ
ਗੁਰਬੀਰ ਸਿੰਘ ਸ਼ਾਹੀ, ਡਾਇ. ਸ਼ਾਹੀ ਸਪੋਰਟਸ ਕਾਲਜ
ਮਾ. ਤਰਲੋਚਨ ਸਿੰਘ, ਪ੍ਰਧਾਨ ਲੇਖਕ ਮੰਚ ਸਮਰਾਲਾ
ਲੈਕ. ਬਿਹਾਰੀ ਲਾਲ ਸੱਦੀ, ਸਰਪ੍ਰਸਤ ਪੰਜਾਬੀ ਸਾਹਿਤ ਸਭਾ
ਹਰਬੰਸ ਲਾਲ ਰਾਨਣਾ, ਚੇਅਰਮੈਨ
ਸ਼ਿਵ ਕੁਮਾਰ ਸ਼ਿਵਲੀ, ਪ੍ਰਧਾਨ ਐਨ.ਜੀ.ਓ.
ਪਰਮਜੀਤ ਰਾਏ, ਗੋਪਾਲ ਫਲੋਰ ਮਿਲਜ਼
ਸਨੀ ਦੂਆ, ਸੀਨੀ: ਮੀਤ ਪ੍ਰਧਾਨ ਨਗਰ ਕੌਂਸਲ
ਪਰਮਦੀਪ ਪਾਲ ਸਿੰਘ, ਪਬਲਿਕ ਕਲੀਨਿਕਲ ਲੈਬ.
ਅੰਮ੍ਰਿਤਪਾਲ ਸਮਰਾਲਾ, ਖੁੱਦ ਚਰਚਾ ਫੋਮ
ਕਰਮਜੀਤ ਸਿੰਘ ਢਿੱਲੋਂ, ਢਿੱਲੋਂ ਇੰਟਰਪ੍ਰਾਈਜਜ਼ ਗੜ੍ਹੀ
ਗੁਰਮੇਲ ਸਿੰਘ, ਜੂਨੀਅਰ ਇੰਜੀਨੀਅਰ
ਪਰਮਿੰਦਰ ਸਿੰਘ ਪਾਲਮਾਜਰਾ, ਸੂਬਾ ਜਨ: ਸਕੱਤਰ
ਗੁਰਦੀਪ ਸਿੰਘ, ਬੀ.ਕੇ.ਯੂ. ਸਿੱਧੂਪੁਰ
ਰਾਜਵਿੰਦਰ ਸਮਰਾਲਾ, ਨਾਟਕਕਾਰ ਅਤੇ ਨਿਰਦੇਸ਼ਕ
ਸਰਬਜੀਤ ਸਿੰਘ ਲੌਂਗੀਆ, ਮਾਲਵਾ ਕੰਪਿਊਟਰਜ਼
ਕਮਾਂਡੈਂਟ ਰਸਪਾਲ ਸਿੰਘ, ਸਰਪ੍ਰਸਤ ਭ੍ਰਿਸ਼ਟਾਚਾਰ ਵਿਰੋਧੀ ਫਰੰਟ

ਅਮਰਿੰਦਰ ਸਿੰਘ ਰਾਜਾ ਵੜਿੰਗ (ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ)
ਡਾ. ਅਮਰ ਸਿੰਘ (ਮੈਂਬਰ ਪਾਰਲੀਮੈਂਟ)
ਗੁਰਕੀਰਤ ਸਿੰਘ ਕੋਟਲੀ (ਸਾਬਕਾ ਮੰਤਰੀ ਪੰਜਾਬ)
ਲਖਵੀਰ ਸਿੰਘ ਲੱਖਾ (ਜ਼ਿਲ੍ਹਾ ਪ੍ਰਧਾਨ ਕਾਂਗਰਸ)
ਕਸਤੂਰੀ ਲਾਲ ਮਿੰਟੂ (ਜ਼ਿਲ੍ਹਾ ਸੀਨੀ: ਮੀਤ ਪ੍ਰਧਾਨ ਕਾਂਗਰਸ)
ਅਜਮੇਰ ਸਿੰਘ ਪੂਰਬਾ (ਚੇਅਰਮੈਨ ਬਲਾਕ ਸੰਮਤੀ)

ਜਗਦੀਪ ਸਿੰਘ, ਸਰਪੰਚ ਪਿੰਡ ਚਹਿਲਾਂ
ਜਗਜੀਤ ਸਿੰਘ ਭਰਥਲਾ, ਸੀਨੀ: ਕਾਂਗਰਸੀ ਆਗੂ
ਕੁਲਵਿੰਦਰ ਸਿੰਘ ਭੋਲੂ, ਸੀਨੀ: ਕਾਂਗਰਸੀ ਆਗੂ
ਜੈਦੀਪ ਸਿੰਘ ਭੁੱਲਰ, ਯੂਥ ਆਗੂ
ਤੇਜਿੰਦਰ ਸਿੰਘ ਲਾਡੀ, ਡਾਇ. ਵੇਰਕਾ ਮਿਲਕ ਪਲਾਂਟ
ਤਨਵੀਰ ਸਿੰਘ, ਸਰਪੰਚ ਪਿੰਡ ਮੁੱਤੋਂ

ਗਣਤੰਤਰ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ -ਲੱਖ ਵਧਾਈਆਂ...

- ਜਾਰੀ ਕਰਤਾ -

ਰੁਪਿੰਦਰ ਸਿੰਘ ਰਾਜਾ ਗਿੱਲ (ਹਲਕਾ ਇੰਚਾਰਜ ਸਮਰਾਲਾ)
ਜਤਿੰਦਰ ਸਿੰਘ ਜੋਗਾ ਬਲਾਲਾ (ਮੈਂਬਰ ਜ਼ਿਲ੍ਹਾ ਪ੍ਰੀਸ਼ਦ)
ਮੋਬਾ: 99156-07201
ਅਤੇ
ਸਮੂਹ ਕਾਂਗਰਸੀ ਵਰਕਰ ਹਲਕਾ ਸਮਰਾਲਾ

ਰੁਪਿੰਦਰ ਸਿੰਘ ਰਾਜਾ ਗਿੱਲ (ਹਲਕਾ ਇੰਚਾਰਜ ਸਮਰਾਲਾ)

ਜਤਿੰਦਰ ਸਿੰਘ ਜੋਗਾ ਬਲਾਲਾ (ਮੈਂਬਰ ਜ਼ਿਲ੍ਹਾ ਪ੍ਰੀਸ਼ਦ)

TAGORE GLOBAL SCHOOL (SEN. SEC.), SAMRALA
ADMISSIONS OPEN (2023-24)
PLAYWAY TO GRADE IX XI (SCIENCE, COMMERCE & ARTS)
OUR STRENGTHS:
- Facilitated with FAP Awards
- Student - Centric Learning
- Serene Environment
- CCTV enabled Classes
- Digital Learning
- Platform for Holistic Development
ENROL NOW!
Known for Quality Education
AVAIL EARLY BIRD DISCOUNT!!
ADMISSION FEE CHARGED ONLY ONCE !!!
Chandigarh Road, Samrala
8437000398
8872881400
VISIT www.tgssamrala.com

Mr. B.K. Aneja (Mg. Director)
Mrs. Swati Aneja (Mg. Director)
Mr. Manoj Kumar (Principal)

ਧੰਨਵਾਦ

ਸਮੂਹ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਲੱਖ-ਲੱਖ ਵਧਾਈ। ਜਿਨ੍ਹਾਂ ਦੋਸਤਾਂ-ਮਿੱਤਰਾਂ ਨੇ ਗਣਤੰਤਰ ਦਿਵਸ ਮੌਕੇ ਸਮਰਾਲਾ ਤੋਂ ਸਪਲੀਮੈਂਟ ਪ੍ਰਕਾਸ਼ਿਤ ਕਰਨ ਵਿਚ ਸਹਿਯੋਗ ਦਿੱਤਾ ਹੈ, ਉਨ੍ਹਾਂ ਦਾ ਅਦਾਰਾ ਨਵਾਂ ਜ਼ਮਾਨਾ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਸੁਰਜੀਤ ਸਿੰਘ
ਪੱਤਰਕਾਰ ਸਮਰਾਲਾ
98154-61301
Email : vishadsurjit@gmail.com

ਅਸੀਂ ਕੇਂਦਰ ਸਰਕਾਰ ਵੱਲੋਂ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ 'ਚ ਜਾਰੀ ਕੀਤੇ ਗਏ ਕਿਸਾਨ ਮਾਰੂ ਨੀਤੀਆਂ ਦੀ ਸਖ਼ਤ ਨਿਖੇਧੀ ਕਰਦੇ ਹਾਂ। ਅਸੀਂ ਇਨ੍ਹਾਂ ਨੀਤੀਆਂ ਵਿਰੁੱਧ ਆਪਣੀ ਆਵਾਜ਼ ਹਮੇਸ਼ਾਂ ਬੁਲੰਦ ਕਰਦੇ ਰਹਾਂਗੇ।

ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ
ਖੇਤਾਂ ਦੇ ਪੁੱਤ ਜ਼ਿੰਦਾਬਾਦ
ਕਿਸਾਨ ਮਾਰੂ ਨੀਤੀਆਂ ਮੁਰਦਾਬਾਦ

- ਜਾਰੀ ਕਰਤਾ -

ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ)
ਜਗਜੀਤ ਸਿੰਘ ਡੱਲੇਵਾਲ (ਸੂਬਾ ਪ੍ਰਧਾਨ)

ਸਮੂਹ ਦੇਸ਼-ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਗਣਤੰਤਰ ਦਿਵਸ ਦੀ ਹਾਰਦਿਕ ਵਧਾਈ

ਡਾ. ਪ੍ਰਿਤਪਾਲ ਸਿੰਘ ਬੈਨੀਪਾਲ
ਡਾ. ਪ੍ਰਦੀਪ ਕੌਰ ਬੈਨੀਪਾਲ
ਡਾ. ਅੰਮ੍ਰਿਤਪਾਲ ਸਿੰਘ ਗਰੇਵਾਲ

ਪਿਛਲੇ 24 ਸਾਲਾਂ ਤੋਂ ਇਲਾਕਾ ਨਿਵਾਸੀਆਂ ਨੂੰ ਦੰਦਾਂ ਦੀਆਂ ਹਰ ਤਰ੍ਹਾਂ ਦੀਆਂ ਬੀਮਾਰੀਆਂ ਦੇ ਬੇਹਤਰੀਨ ਇਲਾਜ ਲਈ ਉੱਚ-ਯੋਗਤਾ ਪ੍ਰਾਪਤ ਡਾਕਟਰਾਂ ਦੀ ਟੀਮ ਅਤਿ ਆਧੁਨਿਕ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

ਪੂਰੇ ਜਬਾੜੇ ਦਾ ਐਕਸ-ਰੇ, ਆਰ.ਸੀ.ਟੀ., ਨਵਾਂ ਜਬਾੜਾ, ਨਵੇਂ ਦੰਦ ਲਗਾਉਣੇ, ਪੱਕੇ ਤੌਰ 'ਤੇ ਦੰਦ ਲਗਾਉਣ ਦਾ ਬੇਹਤਰੀਨ ਪ੍ਰਬੰਧ, ਜਬਾੜੇ ਦੀ ਹਰ ਤਰ੍ਹਾਂ ਦੀ ਸਰਜਰੀ ਆਦਿ ਅਨੇਕ ਸੁਵਿਧਾਵਾਂ ਉਪਲੱਬਧ ਹਨ।

ਬੈਨੀਪਾਲ ਡੈਂਟਲ ਕਲੀਨਿਕ ਐਂਡ ਇੰਪਲਾਂਟ ਸੈਂਟਰ

ਪੁੱਡਾ ਮਾਰਕੀਟ, ਸਾਹਮਣੇ ਐੱਸ.ਡੀ.ਐੱਮ. ਦਫ਼ਤਰ, ਸਮਰਾਲਾ (ਲੁਧਿ:), ਮੋਬਾ: 98147-04552

ਸਮੂਹ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ...

ਅੰਮ੍ਰਿਤ ਪੁਰੀ
ਜ਼ਿਲ੍ਹਾ ਸੰਯੁਕਤ ਸਕੱਤਰ, ਇਸਤਰੀ ਵਿੰਗ ਆਮ ਆਦਮੀ ਪਾਰਟੀ (ਲੁਧਿਆਣਾ)

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਸੰਸਥਾ

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ

ਝਾੜ ਸਾਹਿਬ (ਲੁਧਿਆਣਾ) - 141121

ਸਫਲਤਾਪੂਰਵਕ ਚੱਲ ਰਹੇ ਕੋਰਸ
BCA, B.Com., BA, B.Sc. (FD), M.Sc. (IT)
MA (Pbi), PGDCA, PGDFD,
10+1 & 10+2 (Sci., Com., Arts)

ਵਿਸ਼ੇਸ਼ਤਾਵਾਂ :
ਨਤੀਜੇ 100%, ਲੜਕੀਆਂ ਲਈ ਸਰਵੋਤਮ ਮਾਹੌਲ,
ਬਿਹਤਰ ਬੱਸ ਸੇਵਾ,
ਵੱਖ-ਵੱਖ ਕੈਟਾਗਰੀ ਰਾਹੀਂ ਅਨੇਕਾਂ ਵਜ਼ੀਫੇ,
ਧਾਰਮਿਕ ਵਜ਼ੀਫੇ।

ਸ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ
ਫੋਨ : 01628-271692, 271290
Email : ggskhalsa.jharsahib@gmail.com
ਡਾ. ਰਜਿੰਦਰ ਕੌਰ, ਪ੍ਰਿੰਸੀਪਲ

ਅਰਵਿੰਦ ਕੇਜਰੀਵਾਲ (ਮੁੱਖ ਮੰਤਰੀ ਦਿੱਲੀ) ਭਗਵੰਤ ਮਾਨ (ਮੁੱਖ ਮੰਤਰੀ ਪੰਜਾਬ) ਰਾਘਵ ਚੱਢਾ (ਸਿਖਰ ਰਾਜ ਸਭਾ) ਹਰਪਾਲ ਸਿੰਘ ਚੀਮਾ (ਖਜ਼ਾਨਾ ਮੰਤਰੀ ਪੰਜਾਬ)

ਗਣਤੰਤਰ ਦਿਵਸ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ।

ਪੰਜਾਬ ਦੇ ਸੁਨਹਿਰੇ ਭਵਿੱਖ ਲਈ
ਵਚਨਬੱਧ

- ਜਾਰੀ ਕਰਤਾ -

ਜਗਤਾਰ ਸਿੰਘ ਦਿਆਲਪੁਰਾ
ਵਿਧਾਇਕ, ਹਲਕਾ ਸਮਰਾਲਾ

Mfr of all type of frames, forks and handle bars
ROLEX METALS (P) LTD.
Electric Cycle Frame
Manufacturers of CR Coils & ERW Tubes
Rolex Metals (P) Ltd.
Factory : 16/4, Lakhowal Road, Kohara, Ludhiana (Pb) Phone : 0161-2843065
Mobile : 98030-17465, Email : rolexkohara@gmail.com

ਗਣਤੰਤਰ ਦਿਵਸ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ।

Maha Lakshmi Spinning Mills
Manufacturer of : ACRYLIC & POLYSTER YARNS
Village Lakhowal, Kohara Road,
LUDHIANA-141 112
Mobiles : 98833-00005, 98559-00005
Email : mahalakshmispinningmills@gmail.com

26 January Happy Republic Day

ਗਣਤੰਤਰ ਦਿਵਸ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ।

ਹਰਜਿੰਦਰਪਾਲ ਸਿੰਘ
ਫਾਰਮਾਸਿਸਟ

BHARAT JODO YATRA
ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ
ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਨੇਤਾ, ਵਿਧਾਨ ਸਭਾ
ਡਾ. ਅਮਰ ਸਿੰਘ, ਮੰਜਲ ਮੈਂਬਰ
ਰੁਪਿੰਦਰ ਸਿੰਘ ਰਾਜਾ ਗਿੱਲ, ਇੰਚਾਰਜ, ਹਲਕਾ ਸਮਰਾਲਾ

ਹਲਕਾ ਸਮਰਾਲਾ ਦੇ ਸਮੂਹ ਕਾਂਗਰਸੀ ਵਰਕਰ, ਜਿਨ੍ਹਾਂ ਭਾਰਤ ਜੋੜੋ ਯਾਤਰਾ ਦੀ ਸਫਲਤਾ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ।

ਵੱਲੋਂ : ਰੁਪਿੰਦਰ ਸਿੰਘ ਰਾਜਾ ਗਿੱਲ (ਹਲਕਾ ਇੰਚਾਰਜ ਸਮਰਾਲਾ)

ਕਿੰਡਰ ਗਾਰਟਨ ਐਂਡ ਸੀਨੀ: ਸੈਕੰਡਰੀ ਸਕੂਲ

ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ (L.S. No. 4456)

ਸੈਸ਼ਨ 2023-24 ਲਈ ਦਾਖਲਾ ਅਤੇ ਰਜਿਸਟ੍ਰੇਸ਼ਨ ਸ਼ੁਰੂ ਹੈ

ਨਰਸਰੀ ਤੋਂ 12ਵੀਂ ਤੱਕ (11ਵੀਂ ਅਤੇ 12ਵੀਂ ਲਈ ਆਰਟਸ ਅਤੇ ਸਾਇੰਸ ਵਿਸ਼ੇ)

Sarabjit Kaur (Director)

- ਵਿਸ਼ੇਸ਼ਤਾਵਾਂ -
- ਆਧੁਨਿਕ ਤਕਨੀਕ ਰਾਹੀਂ ਪੜ੍ਹਾਉਣ ਲਈ ਕੁਸ਼ਲ ਸਟਾਫ
- ਵਿੱਦਿਅਕ, ਸਭਿਆਚਾਰਕ ਅਤੇ ਖੇਡਾਂ ਦੇ ਨਤੀਜਿਆਂ ਵਿਚ ਸ਼ਾਨਦਾਰ ਪ੍ਰਾਪਤੀਆਂ
- ਵਿਦਿਆਰਥੀ ਵਿਚਲੇ ਅਨੁਸਸ਼ਾਸਨ ਅਤੇ ਰਹਿਣ-ਸਹਿਣ ਵੱਲ ਵਿਸ਼ੇਸ਼ ਧਿਆਨ
- ਕੰਪਿਊਟਰ ਲੈਬ ਅਤੇ ਲਾਇਬਰੇਰੀ ਦੀ ਵਿਸ਼ੇਸ਼ ਸਹੂਲਤ
- ਬੱਚਿਆਂ ਨੂੰ ਲਿਆਉਣ ਤੇ ਛੱਡਣ ਲਈ ਬੱਸਾਂ ਦਾ ਖਾਸ ਪ੍ਰਬੰਧ
- ਵਿਦਿਆਰਥੀਆਂ ਲਈ ਵਿੱਦਿਅਕ ਟੂਰ, ਖੇਡ ਦਾ ਖੁੱਲ੍ਹਾ ਮੈਦਾਨ

Ranjyot Kaur (Principal)

ਖੰਨਾ ਰੋਡ, ਸਮਰਾਲਾ-141 114 (ਲੁਧਿ:), ਮੋਬਾ: 70092-92736

ਹਰਿੰਦਰ ਸਿੰਘ ਲੱਖੋਵਾਲ (ਸੂਬਾ ਜਨ: ਸਕੱਤਰ)
ਪਰਮਿੰਦਰ ਸਿੰਘ ਪਾਲਮਾਜਰਾ (ਸੂਬਾ ਜਨ: ਸਕੱਤਰ)
ਮਨਜੀਤ ਸਿੰਘ ਢੰਡਿਸਾ (ਜ਼ਿਲ੍ਹਾ ਪ੍ਰਧਾਨ)
ਗੁਰਸੇਵਕ ਸਿੰਘ ਮੰਜਾਲੀ ਕਲਾਂ (ਬਲਾਕ ਪ੍ਰਧਾਨ)

- ਜਾਰੀ ਕਰਤਾ -
ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ)

ਅਮਰਿੰਦਰ ਸਿੰਘ ਰਾਜਾ ਵੜਿੰਗ (ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ)
ਪ੍ਰਤਾਪ ਸਿੰਘ ਬਾਜਵਾ (ਵਿਰੋਧੀ ਧਿਰ ਨੇਤਾ, ਵਿਧਾਨ ਸਭਾ)
ਡਾ. ਅਮਰ ਸਿੰਘ (ਮੈਂਬਰ ਪਾਰਲੀਮੈਂਟ)
ਗੁਰਕੀਰਤ ਸਿੰਘ ਕੋਟਲੀ (ਸਾਬਕਾ ਮੰਤਰੀ ਪੰਜਾਬ)
ਲਖਵੀਰ ਸਿੰਘ ਲੱਖਾ (ਜ਼ਿਲ੍ਹਾ ਪ੍ਰਧਾਨ ਕਾਂਗਰਸ)

ਗਣਤੰਤਰ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ -ਲੱਖ ਵਧਾਈਆਂ...

ਰੁਪਿੰਦਰ ਸਿੰਘ ਰਾਜਾ ਗਿੱਲ (ਹਲਕਾ ਇੰਚਾਰਜ ਸਮਰਾਲਾ)

- ਜਾਰੀ ਕਰਤਾ -
ਸੰਜੀਵ ਕੁਮਾਰ ਸਨੀ ਦੂਆ
(ਸੀਨੀ: ਮੀਤ ਪ੍ਰਧਾਨ, ਨਗਰ ਕੌਂਸਲ ਸਮਰਾਲਾ)

ਸੰਜੀਵ ਕੁਮਾਰ ਸਨੀ ਦੂਆ (ਸੀਨੀ: ਮੀਤ ਪ੍ਰਧਾਨ, ਨਗਰ ਕੌਂਸਲ ਸਮਰਾਲਾ)

ਆਓ ਸੰਗੀਤ ਸਿੱਖੀਏ ਅਤੇ ਜੀਵਨ ਨੂੰ ਬੇਹਤਰ ਬਣਾਈਏ

ਐੱਸ.ਕੇ. ਸਕੂਲ ਆਫ ਮਿਊਜ਼ਿਕ

- ਲੋਕ ਗੀਤ, ਗੀਤ, ਗਜ਼ਲ, ਭਜਨ, ਸ਼ਬਦ-ਕੀਰਤਨ ਅਤੇ ਸ਼ਾਸਤਰੀ ਸੰਗੀਤ ਦੇ ਰਾਗ ਸਿੱਖੋ।
- ਹਾਰਮੋਨੀਅਮ, ਕੀ-ਬੋਰਡ, ਤਬਲਾ, ਗਿਟਾਰ ਅਤੇ ਹੋਰ ਸਾਜ਼ ਸਿੱਖੋ।
- ਲੜਕੀਆਂ ਲਈ ਵੱਖਰੀਆਂ ਕਲਾਸਾਂ ਦੀ ਸੁਵਿਧਾ।

ਨੋਟ : ਵਧੀਆ ਹਾਰਮੋਨੀਅਮ ਉਚਿਤ ਮੁੱਲ 'ਤੇ ਉਪਲੱਬਧ ਹਨ।

ਡਾ. ਗਵੀਸ਼
ਐਮ.ਏ., ਪੀ.ਐੱਚ.ਡੀ. ਸੰਗੀਤ
ਲੈਕਚਰਾਰ ਸੰਗੀਤ ਵਿਭਾਗ
ਗੁਰੂ ਨਾਨਕ ਦੇਵ ਯੂਨੀ: ਅੰਮ੍ਰਿਤਸਰ

ਸਾਹਮਣੇ ਪੰਜਾਬ ਰਾਜ ਗੋਦਾਮ, ਚਾਵਾ ਰੋਡ, ਸਮਰਾਲਾ (ਲੁਧਿ:)
ਮੋਬਾ: 83607-97246

Master Mind DIGITAL EDUCATION
We Provide Quality Education

Tally Prime with GST
Spoken ENGLISH
DCA
NTT
CTT
DTP
CCA
CFA
ENGLISH Steno
Fashion Designing
Beauty Courses
Job Oriented
ISO 9001 Certified Courses
Online Examination
Online Verification Certificates

ਸਰਕਾਰੀ ਨੌਕਰੀਆਂ ਲਈ ਲੋੜੀਂਦਾ 120 ਘੰਟੇ ਦਾ ਕੰਪਿਊਟਰ ਕੋਰਸ ਕਰੋ।

ਪ੍ਰਾਈਵੇਟ ਖੇਤਰਾਂ 'ਚ ਨੌਕਰੀਆਂ ਹਾਸਿਲ ਕਰਨ ਲਈ ਆਪਣੇ ਬਾਇਓਡਾਟਾ ਸਮੇਤ ਆ ਕੇ ਮਿਲੋ।

ਸਾਹਮਣੇ ਅਨਾਜ ਮੰਡੀ ਗੇਟ ਨੰ. 1, ਪੰਜਾਬ ਐਂਡ ਸਿੰਧ ਬੈਂਕ ਦੇ ਉੱਪਰ, ਸਮਰਾਲਾ ਰੋਡ, ਮਾਛੀਵਾੜਾ ਸਾਹਿਬ (ਲੁਧਿ:)

Call : 73475-76001, 95692-16001